ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/1948995824531/

https://youtu.be/LQwolgxDu7I

awazeqaumtvpunjab@gmail.com

ਸੋਮਵਾਰ, 2 ਮਾਰਚ 2026 (ਨਾਨਕਸ਼ਾਹੀ ਸੰਮਤ : ੫੫੭, ੧੯ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਧਰਮ ਯੁੱਧ ਮੋਰਚਾ ਲਗਾਤਾਰ ਜਾਰੀ, ਮੋਰਚੇ ਦੇ ਆਗੂਆਂ ਵੱਲੋਂ ਅੱਜ ਸਮਾਣਾ ਮੁਕੰਮਲ ਕੀਤਾ ਜਾਵੇਗਾ ਬੰਦ

**ਸਮਾਣਾ, 1 ਮਾਰਚ (ਆਵਾਜ਼ਿ ਕੌਮ ਬਿਊਰੋ)**-ਸਮਾਣਾ ਦੇ ਬੰਦਾ ਸਿੰਘ ਬਹਾਦਰ ਚੌਂਕ ਵਿੱਚ ਚੱਲ ਰਿਹਾ ਧਰਮ ਯੁੱਧ ਮੋਰਚਾ ਅੱਜ ਪੰਜਵੇਂ ਦਿਨ ਵਿੱਚ ਦਾਖਲ ਹੋ ਗਿਆ ਹੈ। ਪ੍ਰਸ਼ਾਸਨ ਨਾਲ ਹੋਈਆਂ ਮੀਟਿੰਗਾਂ ਬੇਸਿੱਟਾ ਰਹਿਣ ਕਾਰਨ ਮੋਰਚੇ ਦੇ ਆਗੂਆਂ ਨੇ ਸੋਮਵਾਰ ਨੂੰ ਸਮਾਣਾ ਮੁਕੰਮਲ ਬੰਦ ਕਰਨ ਦਾ ਐਲਾਨ ਕੀਤਾ ਹੈ। ਦੱਸ ਦਈਏ ਕਿ ਸਮੂਹ ਧਰਮਾਂ ਦੇ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਨੂੰ ਲੈ ਕੇ ਗੁਰਜੀਤ ਸਿੰਘ ਖਾਲਸਾ ਪਿਛਲੇ 518 ਦਿਨਾਂ ਤੋਂ 400 ਫੁੱਟ ਉੱਚੇ ਟਾਵਰ 'ਤੇ ਬੈਠ ਕੇ ਅੰਦੋਲਨ ਕਰ ਰਹੇ ਹਨ। ਹੁਣ ਕਿਸਾਨ ਜਥੇਬੰਦੀਆਂ ਅਤੇ ਸਿੱਖ ਜਥੇਬੰਦੀਆਂ ਵੱਲੋਂ ਵੀ ਪੂਰਾ ਸਮਰਥਨ ਮਿਲ ਰਿਹਾ ਹੈ। ਕਿਸਾਨ ਯੂਨੀਅਨ ਸਿੱਧੂਪੁਰ ਦੇ ਜਨਰਲ ਸਕੱਤਰ ਕਾਕਾ ਸਿੰਘ ਕੋਠੜਾ ਨੇ ਦੱਸਿਆ ਕਿ ਅੱਜ ਪ੍ਰਸ਼ਾਸਨ ਨਾਲ ਮੀਟਿੰਗ ਦਾ ਸਮਾਂ ਤੈਅ ਸੀ ਪਰ ਕੋਈ ਨਤੀਜਾ ਨਾ ਨਿਕਲਣ 'ਤੇ ਮੋਰਚੇ ਦੇ ਆਗੂਆਂ ਨੇ ਐਲਾਨ ਕੀਤਾ ਕਿ ਹੁਣ ਸਿਰਫ਼ ਪੰਜਾਬ ਸਰਕਾਰ ਦਾ ਨੁਮਾਇੰਦਾ ਆ ਕੇ ਗੱਲਬਾਤ ਕਰੇ। ਜੇ ਕਾਨੂੰਨ ਨਾ ਬਣਾਇਆ ਗਿਆ ਤਾਂ ਪੰਜਾਬ ਬੰਦ ਦਾ ਐਲਾਨ ਵੀ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਸਾਫ ਤੌਰ 'ਤੇ ਕਿਹਾ ਕਿ ਸੋਮਵਾਰ ਨੂੰ ਸਮਾਣਾ ਮੁਕੰਮਲ ਬੰਦ ਕੀਤਾ ਜਾਵੇਗਾ। ਸਰਕਾਰ ਸਖ਼ਤ ਕਾਨੂੰਨ ਬਣਾਵੇ ਤਾਂ ਅਸੀਂ ਮੋਰਚਾ ਖਤਮ ਕਰਾਂਗੇ। ਮੋਰਚੇ ਵੱਲੋਂ ਸ਼ਹਿਰ ਵਿੱਚ ਰੋਸ ਮਾਰਚ ਕੱਢਣ ਦੀ ਵੀ ਯੋਜਨਾ ਬਣਾਈ ਗਈ ਹੈ, ਜਿਸ ਨਾਲ ਆਵਾਜਾਈ ਪ੍ਰਭਾਵਿਤ ਹੋ ਸਕਦੀ ਹੈ।

## ਖਾਮੇਨੇਈ ਦੀ ਮੌਤ ਤੋਂ ਬਾਅਦ

# ਇਰਾਨ ਦੇ ਅਗਲੇ ਸੁਪਰੀਮ ਲੀਡਰ ਦਾ ਐਲਾਨ

**ਤਹਿਰਾਨ, 1 ਮਾਰਚ (ਆਵਾਜ਼ਿ ਕੌਮ ਬਿਊਰੋ)**-ਇਜ਼ਰਾਈਲੀ-ਅਮਰੀਕੀ ਹਮਲੇ 'ਚ ਇਰਾਨ ਦੇ ਸੁਪਰੀਮ ਲੀਡਰ ਆਯਾਤੁੱਲ੍ਹਾ ਖਾਮੇਨੇਈ ਦੀ ਮੌਤ ਮਗਰੋਂ ਦੇਸ਼ 'ਚ ਪੈਦਾ ਹੋਏ ਲੀਡਰਸ਼ਿਪ ਸੰਕਟ ਪੈਦਾ ਹੋ ਗਿਆ ਹੈ ਤੇ ਇਰਾਨ ਦੀ ਅਮਰੀਕਾ ਤੇ ਇਜ਼ਰਾਈਲ ਦੇ ਨਾਲ-ਨਾਲ ਦੁਬਈ ਤੇ ਕਤਰ ਵਰਗੇ ਦੇਸ਼ਾਂ ਖ਼ਿਲਾਫ਼ ਵੀ ਕਾਰਵਾਈ ਤੇਜ਼ ਹੋ ਗਈ ਹੈ। ਇਸ ਜੰਗ



ਦੇ ਖ਼ਤਰੇ ਵਿਚਕਾਰ, ਇਰਾਨੀ ਪ੍ਰਸ਼ਾਸਨ ਨੇ ਅਗਲੇ ਸਰਵਉੱਚ ਨੇਤਾ ਦਾ ਐਲਾਨ ਕਰ ਦਿੱਤਾ ਹੈ। ਪ੍ਰਸ਼ਾਸਨ ਨੇ ਆਯਾਤੁੱਲਾ ਅਲੀਰੇਜ਼ਾ ਅਰਾਫੀ ਨੂੰ ਦੇਸ਼ ਦਾ ਅੰਤਰਿਮ ਸੁਪਰੀਮ ਲੀਡਰ ਐਲਾਨ ਦਿੱਤਾ ਹੈ। ਇਰਾਨੀ ਮੀਡੀਆ ਅਨੁਸਾਰ, ਇਹ ਫੈਸਲਾ ਦੇਸ਼ ਵਿੱਚ ਸੱਤਾ ਦੇ ਖਲਾਅ ਨੂੰ ਰੋਕਣ ਅਤੇ ਜਾਰੀ ਜੰਗ ਦੌਰਾਨ ਫੌਜੀ ਫੈਸਲੇ ਲੈਣ ਲਈ ਲਿਆ ਗਿਆ ਹੈ। ਇਰਾਨੀ ਸੰਵਿਧਾਨ ਦੀ ਧਾਰਾ 111 ਦੇ ਤਹਿਤ, ਜਦੋਂ ਸੁਪਰੀਮ ਲੀਡਰ ਦੀ ਮੌਤ ਹੋ ਜਾਂਦੀ ਹੈ, ਤਾਂ ਇੱਕ ਅੰਤਰਿਮ ਲੀਡਰਸ਼ਿਪ ਕੌਂਸਲ ਬਣਾਈ ਜਾਂਦੀ ਹੈ। ਆਇਤੁੱਲਾ ਅਰਾਫੀ ਇਸ ਕੌਂਸਲ ਦੇ ਮੁੱਖ ਧਾਰਮਿਕ ਚਿਹਰੇ ਵਜੋਂ ਦੇਸ਼ ਦੀ ਅਗਵਾਈ ਕਰਨਗੇ। 66 ਸਾਲਾ ਆਇਤੁੱਲਾ ਅਰਾਫੀ ਇਰਾਨ ਦੀਆਂ ਸਾਰੀਆਂ ਧਾਰਮਿਕ ਸੰਸਥਾਵਾਂ ਦੇ ਮੁਖੀ ਹਨ ਅਤੇ 'ਅਸੈਂਬਲੀ ਆਫ ਐਕਸਪਰਟਸ' ਦੇ ਡਿਪਟੀ ਚੇਅਰਮੈਨ ਹਨ। ਉਨ੍ਹਾਂ ਨੂੰ ਖ਼ਾਮੇਨੇਈ ਦਾ ਬਹੁਤ ਭਰੋਸੇਮੰਦ ਅਤੇ ਸਖ਼ਤ ਨੀਤੀਆਂ ਵਾਲਾ ਆਗੂ ਮੰਨਿਆ ਜਾਂਦਾ ਹੈ। ਅੰਤਰਿਮ ਸੁਪਰੀਮ ਲੀਡਰ ਵਜੋਂ ਅਰਾਫੀ ਹੁਣ ਇਰਾਨੀ ਫੌਜ ਦੇ ਕਮਾਂਡਰ-ਇਨ-ਚੀਫ ਵਜੋਂ ਕੰਮ ਕਰਨਗੇ। ਇਜ਼ਰਾਈਲ ਵਿਰੁੱਧ ਜਵਾਬੀ ਹਮਲਿਆਂ ਅਤੇ ਪ੍ਰਮਾਣੂ ਪ੍ਰੋਗਰਾਮ ਨਾਲ ਸਬੰਧਤ ਅੰਤਿਮ ਫੈਸਲੇ ਹੁਣ ਉਨ੍ਹਾਂ ਦੇ ਹੱਥ ਵਿੱਚ ਹੋਣਗੇ। ਅਰਾਫੀ ਦੇ ਨਾਲ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਅਤੇ ਨਿਆਂਪਾਲਿਕਾ ਮੁਖੀ ਮੋਹਸੇਨੀ-ਇਜੇਈ ਮਿਲ ਕੇ ਦੇਸ਼ ਦਾ ਰੋਜ਼ਾਨਾ ਪ੍ਰਸ਼ਾਸਨ ਚਲਾਉਣਗੇ ਜਦੋਂ ਤੱਕ 'ਅਸੈਂਬਲੀ ਆਫ ਐਕਸਪਰਟਸ' ਕਿਸੇ ਸਥਾਈ ਉਤਰਾਧਿਕਾਰੀ ਦੀ ਚੋਣ ਨਹੀਂ ਕਰ ਲੈਂਦੀ। ਅੰਤਰਿਮ ਜ਼ਿੰਮੇਵਾਰੀ ਸੰਭਾਲਣ ਤੋਂ ਤੁਰੰਤ ਬਾਅਦ ਆਯਾਤੁੱਲਾ ਅਰਾਫੀ ਨੇ ਕਿਹਾ, "ਇਰਾਨ ਦੀ ਇਸਲਾਮੀ ਕ੍ਰਾਂਤੀ ਦਾ ਰਾਹ ਨਹੀਂ ਰੁਕੇਗਾ। ਅਸੀਂ ਆਪਣੇ ਸ਼ਹੀਦ ਨੇਤਾ ਦੇ ਬਲਿਦਾਨ ਦਾ ਬਦਲਾ ਲਵਾਂਗੇ ਅਤੇ ਦੁਸ਼ਮਣ ਨੂੰ ਅਜਿਹਾ ਸਬਕ ਸਿਖਾਵਾਂਗੇ ਜੋ ਇਤਿਹਾਸ ਯਾਦ ਰੱਖੇਗਾ।"

## ਇਰਾਨ-ਅਮਰੀਕਾ ਦੀ ਜੰਗ ਦਾ ਭਾਰਤ 'ਤੇ ਪੈਣ ਲੱਗਾ ਅਸਰ ! ਨਿਰਯਾਤਕਾਰਾਂ ਦੇ ਮੱਥੇ 'ਤੇ ਖਿੱਚੀਆਂ ਚਿੰਤਾ ਦੀਆਂ ਲਕੀਰਾਂ

**ਨਵੀਂ ਦਿੱਲੀ, 1 ਮਾਰਚ (ਆਵਾਜ਼ਿ ਕੌਮ ਬਿਊਰੋ)**-ਮੱਧ ਪੂਰਬ ਵਿੱਚ ਛਿੜੀ ਜੰਗ ਕਾਰਨ ਭਾਰਤ ਦੇ ਚੌਲ ਨਿਰਯਾਤ ਉਦਯੋਗ ਨੂੰ ਵੱਡਾ ਝਟਕਾ ਲੱਗਾ ਹੈ। ਰਿਪੋਰਟ ਅਨੁਸਾਰ, ਇਰਾਨ ਭਾਰਤੀ ਬਾਸਮਤੀ ਚੌਲਾਂ ਦਾ ਇੱਕ ਬਹੁਤ ਵੱਡਾ ਖਰੀਦਦਾਰ ਹੈ, ਉੱਥੇ ਹਾਲਾਤ ਵਿਗੜਨ ਕਾਰਨ ਸਪਲਾਈ ਚੇਨ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਗਈ ਹੈ। ਸਮੁੰਦਰੀ ਰਸਤਿਆਂ 'ਤੇ ਵਧਦੇ ਖ਼ਤਰੇ ਅਤੇ ਬੰਦਰਗਾਹਾਂ 'ਤੇ ਜੰਗੀ ਹਾਲਾਤ ਕਾਰਨ ਚੌਲਾਂ ਨਾਲ ਲੱਦੇ ਜਹਾਜ਼ਾਂ ਦੀ ਆਵਾਜਾਈ ਰੁਕ ਗਈ ਹੈ। ਨਿਰਯਾਤਕਾਂ ਦੇ ਕਈ ਕੰਟੇਨਰ ਰਸਤੇ ਵਿੱਚ ਹੀ ਫਸੇ ਹੋਏ ਹਨ। ਇਰਾਨੀ ਬੈਂਕਿੰਗ ਪ੍ਰਣਾਲੀ 'ਤੇ ਸੰਭਾਵਿਤ ਪਾਬੰਦੀਆਂ ਅਤੇ ਦੇਸ਼ ਵਿੱਚ ਅਸਥਿਰਤਾ ਕਾਰਨ ਭਾਰਤੀ ਵਪਾਰੀਆਂ ਨੂੰ ਡਰ ਹੈ ਕਿ ਉਨ੍ਹਾਂ ਦੇ ਕਰੋੜਾਂ ਰੁਪਏ ਫਸ ਸਕਦੇ ਹਨ। ਨਵੇਂ ਆਰਡਰਾਂ 'ਤੇ ਫਿਲਹਾਲ ਰੋਕ ਲਗਾ ਦਿੱਤੀ ਗਈ ਹੈ। ਨਿਰਯਾਤਕਾਂ ਦਾ ਕਹਿਣਾ ਹੈ ਕਿ ਇਰਾਨ ਨੂੰ ਭੇਜੇ ਜਾਣ ਵਾਲੇ ਬਾਸਮਤੀ ਚੌਲ ਦੀ ਮੰਗ ਵਿੱਚ ਅਚਾਨਕ ਗਿਰਾਵਟ ਆਈ ਹੈ। ਜੇਕਰ ਜੰਗ ਲੰਬੀ ਚੱਲਦੀ ਹੈ, ਤਾਂ ਇਸ ਨਾਲ ਸਥਾਨਕ ਬਾਜ਼ਾਰ ਵਿੱਚ ਚੌਲ ਦੀਆਂ ਕੀਮਤਾਂ ਡਿੱਗ ਸਕਦੀਆਂ ਹਨ, ਜਿਸ ਦਾ ਨੁਕਸਾਨ ਕਿਸਾਨਾਂ ਨੂੰ ਵੀ ਹੋਵੇਗਾ। ਜੰਗੀ ਖੇਤਰ ਹੋਣ ਕਾਰਨ ਸ਼ਿਪਿੰਗ ਕੰਪਨੀਆਂ ਨੇ 'ਵਾਰ ਰਿਸਕ ਸਰਚਾਰਜ' ਵਧਾ ਦਿੱਤਾ ਹੈ, ਜਿਸ ਨਾਲ ਨਿਰਯਾਤ ਦੀ ਲਾਗਤ ਵੀ ਕਾਫ਼ੀ ਵਧ ਗਈ ਹੈ। ਫਿਲਹਾਲ ਸਰਕਾਰ ਨੇ ਕਿਹਾ ਹੈ ਕਿ ਭਾਰਤੀ ਵਣਜ ਮੰਤਰਾਲਾ ਸਥਿਤੀ 'ਤੇ ਨਜ਼ਰ ਰੱਖ ਰਿਹਾ ਹੈ। ਨਿਰਯਾਤਕਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਭੁਗਤਾਨ ਦੀ ਸੁਰੱਖਿਆ ਲਈ ਕੋਈ ਵਿਕਲਪਿਕ ਪ੍ਰਬੰਧ ਕਰੇ ਤਾਂ ਜੋ ਵਪਾਰੀਆਂ ਨੂੰ ਡੁੱਬਣ ਤੋਂ ਬਚਾਇਆ ਜਾ ਸਕੇ। ਇਸ ਤੋਂ ਇਲਾਵਾ ਇਰਾਨ ਨੇ ਸਟ੍ਰੇਟ ਆਫ਼ ਹੋਰਮੁਜ਼ 'ਤੇ ਵੀ ਆਵਾਜਾਈ ਰੋਕ ਦਿੱਤੀ ਹੈ। ਇਸ ਰਸਤਿਓਂ ਦੁਨੀਆ ਭਰ ਦੇ ਦੇਸ਼ਾਂ 'ਚ ਤੇਲ ਦੀ ਸਪਲਾਈ ਕੀਤੀ ਜਾਂਦੀ ਹੈ ਤੇ ਇਸ ਦੇ ਬੰਦ ਹੋ ਜਾਣ ਮਗਰੋਂ ਭਾਰਤ ਸਣੇ ਦੁਨੀਆ ਦੇ ਕਈ ਦੇਸ਼ਾਂ 'ਚ ਤੇਲ ਦੀਆਂ ਕੀਮਤਾਂ 'ਚ ਵੀ ਵਾਧਾ ਦੇਖਿਆ ਜਾ ਸਕਦਾ ਹੈ। ਹੁਣ ਇਹ ਦੇਖਣਾ ਹੋਵੇਗਾ ਕਿ ਜੰਗ ਦਾ ਅਸਰ ਭਾਰਤ 'ਤੇ ਪੈਂਦਾ ਹੈ ਜਾਂ ਫਿਰ ਗੱਲਬਾਤ ਰਾਹੀਂ ਇਸ ਮਸਲੇ ਦਾ ਹੱਲ ਕੱਢ ਕੇ ਦੁਨੀਆ ਭਰ 'ਚ ਮਚੀ ਤੜਥੱਲੀ ਨੂੰ ਸ਼ਾਂਤ ਕੀਤਾ ਜਾਵੇਗਾ।

## ਸਿੱਧੂ ਮੂਸੇਵਾਲਾ ਕਤਲਕਾਂਡ 'ਚ ਨਵਾਂ ਮੋੜ, ਪੰਜਾਬ ਲਿਆਂਦਾ ਜਾ ਸਕਦੈ ਤਿਹਾੜ ਜੇਲ੍ਹ 'ਚ ਬੰਦ ਅਨਮੋਲ ਬਿਸ਼ਨੋਈ



**ਚੰਡੀਗੜ੍ਹ, 1 ਮਾਰਚ (ਆਵਾਜ਼ਿ ਕੌਮ ਬਿਊਰੋ)**-ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲਕਾਂਡ 'ਚ ਬੀਤੇ ਸ਼ੁੱਕਰਵਾਰ ਨੂੰ ਮਾਨਸਾ ਅਦਾਲਤ 'ਚ ਸੁਣਵਾਈ ਦੌਰਾਨ ਨਵਾਂ ਘਟਨਾਕ੍ਰਮ ਸਾਹਮਣੇ ਆਇਆ। ਵਕੀਲ ਨੇ ਅਦਾਲਤ 'ਚ ਅਰਜ਼ੀ ਦਾਇਰ ਕਰਕੇ ਤਿਹਾੜ ਜੇਲ੍ਹ 'ਚ ਬੰਦ ਦੋਸ਼ੀ ਅਨਮੋਲ ਬਿਸ਼ਨੋਈ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਪੰਜਾਬ ਲਿਆਉਣ ਦੀ ਮੰਗ ਕੀਤੀ। 29 ਮਈ, 2022 ਨੂੰ ਪਿੰਡ ਜਵਾਹਰਕੇ 'ਚ ਹਮਲਾਵਰਾਂ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਸਿੱਧੂ ਮੂਸੇਵਾਲਾ ਦਾ ਕਤਲ ਕਰ ਦਿੱਤਾ ਸੀ। ਵਾਰਦਾਤ 'ਚ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਗਿਰੋਹ ਦਾ ਨਾਂ ਸਾਹਮਣੇ ਆਇਆ ਸੀ। ਮਾਨਸਾ ਪੁਲਸ ਨੇ ਜਾਂਚ ਦੌਰਾਨ ਕਤਲਕਾਂਡ ਦੇ ਦੋ ਦਰਜਨ ਦੋਸ਼ੀਆਂ ਨੂੰ ਨਾਮਜ਼ਦ ਕੀਤਾ ਸੀ ਅਤੇ ਕਈ ਗ੍ਰਿਫ਼ਤਾਰੀਆਂ ਵੀ ਕੀਤੀਆਂ ਸਨ। ਮਾਮਲਾ ਇਸ ਵੇਲੇ ਅਦਾਲਤ 'ਚ ਵਿਚਾਰਾਧੀਨ ਹੈ। ਪੇਸ਼ੀ ਦੌਰਾਨ ਅਨਮੋਲ ਬਿਸ਼ਨੋਈ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਮੁਅੱਕਲ ਦਾ ਨਾਂ ਇਸ ਕਤਲਕਾਂਡ 'ਚ ਸ਼ਾਮਲ ਹੈ ਪਰ ਅਜੇ ਤੱਕ ਮਾਨਸਾ ਪੁਲਸ ਨੇ ਨਾ ਤਾਂ ਉਸ ਨੂੰ ਮਾਮਲੇ 'ਚ ਰਸਮੀਂ ਤੌਰ 'ਤੇ ਗ੍ਰਿਫ਼ਤਾਰ ਕੀਤਾ ਹੈ ਅਤੇ ਨਾ ਹੀ ਉਸ ਦਾ ਪ੍ਰੋਡਕਸ਼ਨ ਵਾਰੰਟ ਜਾਰੀ ਕਰਵਾਇਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੁਅੱਕਲ ਜਾਂਚ 'ਚ ਪੂਰਾ ਸਹਿਯੋਗ ਦੇਣ ਲਈ ਤਿਆਰ ਹੈ। ਅਰਜ਼ੀ 'ਚ ਇਹ ਵੀ ਦੋਸ਼ ਲਗਾਇਆ ਗਿਆ ਕਿ ਪੁਲਸ ਅਜੇ ਤੱਕ ਅਨਮੋਲ ਨੂੰ ਮਾਮਲੇ 'ਚ ਲਿਆਉਣ ਅਤੇ ਪੁੱਛਗਿੱਛ ਕਰਨ 'ਚ ਅਸਫ਼ਲ ਰਹੀ ਹੈ। ਅਦਾਲਤ ਨੇ ਦੋਵੇਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮਾਮਲੇ ਦੀ ਅਗਲੀ ਸੁਣਵਾਈ ਲਈ ਤਾਰੀਖ਼ ਨਿਰਧਾਰਤ ਕਰ ਦਿੱਤੀ ਹੈ। ਹੁਣ ਲੋਕਾਂ ਦੀਆਂ ਨਜ਼ਰਾਂ ਨਿਆਇਕ ਪ੍ਰਕਿਰਿਆ 'ਤੇ ਟਿਕੀਆਂ ਹੋਈਆਂ ਹਨ।

## ਵਿਧਾਨ ਸਭਾ ਚੋਣਾਂ ਲਈ ਸਮਰਾਲਾ ਹਲਕੇ ਤੋਂ ਅਕਾਲੀ ਦਲ ਨੇ ਐਲਾਨਿਆ ਉਮੀਦਵਾਰ

**ਸਮਰਾਲਾ :** ਪੰਜਾਬ ਵਿਧਾਨ ਸਭਾ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਮਰਾਲਾ ਹਲਕੇ ਤੋਂ ਉਮੀਦਵਾਰ ਦਾ ਐਲਾਨ ਕਰ ਦਿੱਤਾ ਗਿਆ ਹੈ। ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਅੱਜ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਮਰਾਲਾ ਹਲਕੇ ਵਿਚ ਪੰਜਾਬ ਬਚਾਓ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਰੈਲੀ ਨੂੰ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਇਸ਼ਾਰਿਆਂ-ਇਸ਼ਾਰਿਆਂ 'ਚ ਪਰਮਜੀਤ ਸਿੰਘ ਨੂੰ ਪੰਜਾਬ ਵਿਧਾਨ ਸਭਾ ਚੋਣਾਂ ਲਈ ਉਮੀਦਵਾਰ ਐਲਾਨਿਆ। ਉਨ੍ਹਾਂ ਕਿਹਾ ਕਿ ਜਿਸ ਹਲਕੇ ਦਾ ਉਮੀਦਵਾਰ ਚੰਗਾ ਹੋਵੇਗਾ, ਉਸ ਹਲਕੇ ਦੇ ਲੋਕਾਂ ਨੂੰ ਕੋਈ ਚਿੰਤਾ ਕਰਨ ਦੀ ਲੋੜ ਨਹੀਂ ਹੈ। ਪਰਮਜੀਤ ਸਿੰਘ ਬਹੁਤ ਹੀ ਮਿਹਨਤੀ ਹਨ। ਉਨ੍ਹਾਂ ਕਿਹਾ ਕਿ ਇਸ ਵਾਰ ਹਲਕੇ ਦੇ ਲੋਕ ਪਰਮਜੀਤ ਸਿੰਘ ਨੂੰ ਵਿਧਾਇਕ ਬਣਾਉਣ ਅਤੇ ਸਰਕਾਰ ਆਉਣ 'ਤੇ ਜੋ ਵੀ ਪਰਮਜੀਤ ਨੂੰ ਵੱਡੀ ਤਰੱਕੀ ਦਿੱਤੀ ਜਾਵੇਗੀ।

## ਨਾਗਪੁਰ 'ਚ ਵੱਡਾ ਹਾਦਸਾ, ਬਾਰੂਦ ਫੈਕਟਰੀ ਧਮਾਕੇ 'ਚ 17 ਲੋਕਾਂ ਦੀ ਮੌਤ, ਕਈ ਮਲਬੇ ਹੇਠ ਦੱਬੇ



**ਨਾਗਪੁਰ, 1 ਮਾਰਚ (ਆਵਾਜ਼ਿ ਕੌਮ ਬਿਊਰੋ)**-ਮਹਾਰਾਸ਼ਟਰ ਦੇ ਨਾਗਪੁਰ ਤੋਂ ਇੱਕ ਮਹੱਤਵਪੂਰਨ ਖ਼ਬਰ ਸਾਹਮਣੇ ਆਈ ਹੈ। ਐਸਬੀਐਲ ਐਨਰਜੀ ਲਿਮਟਿਡ ਵਿੱਚ ਇੱਕ ਵੱਡਾ ਧਮਾਕਾ ਹੋਇਆ। ਇਸ ਖੌਫਨਾਕ ਹਾਦਸੇ ਵਿੱਚ ਹੁਣ ਤੱਕ 17 ਲੋਕਾਂ ਦੀ ਮੌਤ ਹੋ ਗਈ ਹੈ, ਜਦੋਂ ਕਿ 18 ਹੋਰ ਗੰਭੀਰ ਜ਼ਖਮੀ ਹੋ ਗਏ ਹਨ। ਇਹ ਜਾਣਕਾਰੀ ਨਾਗਪੁਰ ਦਿਹਾਤੀ ਪੁਲਿਸ ਸੁਪਰਡੈਂਟ ਹਰਸ਼ ਪੋਦਾਰ ਨੇ ਦਿੱਤੀ। ਇਹ ਧਮਾਕਾ ਰਾਉਲਗਾਓਂ, ਕਾਟੋਲ ਤਹਿਸੀਲ ਵਿੱਚ ਸਥਿਤ ਮਾਈਨਿੰਗ ਅਤੇ ਉਦਯੋਗਿਕ ਵਿਸਫੋਟਕ ਨਿਰਮਾਤਾ ਐਸਬੀਐਲ ਐਨਰਜੀ ਲਿਮਟਿਡ ਦੀ ਫੈਕਟਰੀ ਵਿੱਚ ਹੋਇਆ। ਪੁਲਿਸ ਨੇ ਦੱਸਿਆ ਕਿ ਜ਼ਖਮੀਆਂ ਨੂੰ ਤੁਰੰਤ ਨਾਗਪੁਰ ਦੇ ਇੱਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਮੁੱਢਲੀ ਜਾਣਕਾਰੀ ਅਨੁਸਾਰ ਇਹ ਘਟਨਾ ਅੱਜ ਸਵੇਰੇ 6 ਤੋਂ 7 ਵਜੇ ਦੇ ਵਿਚਕਾਰ ਵਾਪਰੀ। ਰਾਉਲਗਾਓਂ ਵਿੱਚ ਐਸਬੀਐਲ ਕੰਪਨੀ ਵਿਸਫੋਟਕ ਅਤੇ ਮਾਈਨਿੰਗ ਵਿੱਚ ਵਰਤੇ ਜਾਣ ਵਾਲੇ ਹੋਰ ਵਿਸਫੋਟਕ ਤਿਆਰ ਕਰਦੀ ਹੈ। ਜਦੋਂ ਕਰਮਚਾਰੀ ਸਵੇਰੇ ਕੰਮ 'ਤੇ ਵਾਪਸ ਆਏ ਤਾਂ ਵਿਸਫੋਟਕ ਬਣਾਉਣ ਦੀ ਪ੍ਰਕਿਰਿਆ ਦੌਰਾਨ ਇੱਕ ਸ਼ਕਤੀਸ਼ਾਲੀ ਧਮਾਕਾ ਹੋਇਆ। ਧਮਾਕਾ ਇੰਨਾ ਸ਼ਕਤੀਸ਼ਾਲੀ ਸੀ ਕਿ ਇਸਦੀ ਆਵਾਜ਼ ਦੂਰ-ਦੂਰ ਤੱਕ ਸੁਣਾਈ ਦਿੱਤੀ। ਦੱਸਿਆ ਜਾ ਰਿਹਾ ਹੈ ਕਿ ਧਮਾਕੇ ਸਮੇਂ ਕੰਪਨੀ ਦੀ ਯੂਨਿਟ ਵਿੱਚ ਲਗਭਗ 25 ਤੋਂ 30 ਕਰਮਚਾਰੀ ਕੰਮ ਕਰ ਰਹੇ ਸਨ। ਧਮਾਕੇ ਤੋਂ ਬਾਅਦ, ਕੰਪਨੀ ਵਿੱਚ ਭਾਰੀ ਅੱਗ ਲੱਗ ਗਈ, ਅਤੇ ਪੂਰੇ ਇਲਾਕੇ ਵਿੱਚ ਧੂੰਆਂ ਫੈਲ ਗਿਆ। ਜ਼ਖਮੀਆਂ ਨੂੰ ਬਾਹਰ ਕੱਢ ਕੇ ਨਾਗਪੁਰ ਦੇ ਇੱਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਹਾਲਾਂਕਿ, ਇਹ ਖਦਸ਼ਾ ਹੈ ਕਿ ਕੁਝ ਕਰਮਚਾਰੀ ਅਜੇ ਵੀ ਅੰਦਰ ਫਸੇ ਹੋਏ ਹਨ, ਅਤੇ ਸਥਾਨਕ ਪ੍ਰਸ਼ਾਸਨ ਅਤੇ ਬਚਾਅ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਹਨ।" ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਸਾਂਝੀ ਕਰਦਿਆਂ ਲਿਖਿਆ, "ਨਾਗਪੁਰ ਜ਼ਿਲ੍ਹੇ ਦੇ ਰਾਉਲਗਾਓਂ ਵਿੱਚ ਵਿਸਫੋਟਕ ਫੈਕਟਰੀ ਵਿੱਚ ਧਮਾਕਾ ਬਹੁਤ ਹੀ ਮੰਦਭਾਗਾ ਅਤੇ ਦੁਖਦਾਈ ਹੈ। ਮੈਂ ਸਥਾਨਕ ਪ੍ਰਸ਼ਾਸਨ ਨਾਲ ਲਗਾਤਾਰ ਸੰਪਰਕ ਵਿੱਚ ਹਾਂ।"

## ਭਾਰਤ ਨੇ ਰੱਦ ਕੀਤੀਆਂ ਸੈਂਕੜੇ ਉਡਾਣਾਂ, ਈਰਾਨ ਸਮੇਤ ਵੱਖ-ਵੱਖ ਦੇਸ਼ਾਂ 'ਚ ਫਸੇ ਭਾਰਤੀਆਂ ਲਈ ਅਡਵਾਈਜ਼ਰੀ



**ਨਵੀਂ ਦਿੱਲੀ, 1 ਮਾਰਚ (ਆਵਾਜ਼ਿ ਕੌਮ ਬਿਊਰੋ)**-ਅਮਰੀਕਾ ਅਤੇ ਇਜ਼ਰਾਈਲ ਵੱਲੋਂ ਈਰਾਨ 'ਤੇ ਕੀਤੇ ਗਏ ਹਮਲਿਆਂ ਤੋਂ ਬਾਅਦ, ਮੱਧ ਪੂਰਬ ਵਿੱਚ ਸਥਿਤੀ ਬਹੁਤ ਤਣਾਅਪੂਰਨ ਹੋ ਗਈ ਹੈ। ਹਾਲਾਤ ਯੁੱਧ ਵਰਗੇ ਹੋ ਗਏ ਹਨ, ਹਮਲੇ ਜਾਰੀ ਹਨ। ਈਰਾਨ ਨੇ ਵੱਖ-ਵੱਖ ਮੱਧ ਪੂਰਬੀ ਦੇਸ਼ਾਂ ਅਤੇ ਕਈ ਇਜ਼ਰਾਈਲੀ ਸ਼ਹਿਰਾਂ ਵਿੱਚ ਅਮਰੀਕੀ ਫੌਜੀ ਠਿਕਾਣਿਆਂ 'ਤੇ ਹਮਲਾ ਕਰਕੇ ਜਵਾਬੀ ਕਾਰਵਾਈ ਕੀਤੀ ਹੈ। ਇਸ ਟਕਰਾਅ ਤੋਂ ਬਾਅਦ, ਮੱਧ ਪੂਰਬ ਵਿੱਚ ਯੁੱਧ ਵਰਗੇ ਹਾਲਾਤ ਪੈਦਾ ਹੋ ਗਏ ਹਨ ਅਤੇ ਕਈ ਦੇਸ਼ਾਂ ਨੇ ਹਾਈ ਅਲਰਟ ਜਾਰੀ ਕੀਤਾ ਹੈ। ਮੌਜੂਦਾ ਸਥਿਤੀ ਦੇ ਮੱਦੇਨਜ਼ਰ, ਕਈ ਮੱਧ ਪੂਰਬੀ ਦੇਸ਼ਾਂ ਵਿੱਚ ਭਾਰਤੀ ਦੂਤਾਵਾਸਾਂ ਨੇ ਆਪਣੇ ਨਾਗਰਿਕਾਂ ਲਈ ਸਲਾਹ ਜਾਰੀ ਕੀਤੀ ਹੈ। ਸ਼ਹਿਰੀ ਹਵਾਬਾਜ਼ੀ ਮੰਤਰਾਲੇ ਦੇ ਅੰਕੜਿਆਂ ਅਨੁਸਾਰ, ਸਿਰਫ਼ ਸ਼ਨੀਵਾਰ ਨੂੰ ਹੀ ਹਵਾਈ ਖੇਤਰ ਦੀਆਂ ਪਾਬੰਦੀਆਂ ਕਾਰਨ ਲਗਭਗ 444 ਉਡਾਣਾਂ ਪ੍ਰਭਾਵਿਤ ਹੋਈਆਂ। ਸ਼ਹਿਰੀ ਹਵਾਬਾਜ਼ੀ ਡਾਇਰੈਕਟੋਰੇਟ ਜਨਰਲ (4731) ਯਾਤਰੀਆਂ ਦੀ ਸੁਰੱਖਿਆ ਅਤੇ ਸਹਾਇਤਾ ਨੂੰ ਯਕੀਨੀ ਬਣਾਉਣ ਲਈ ਏਅਰਲਾਈਨਾਂ ਨਾਲ ਕੰਮ ਕਰ ਰਿਹਾ ਹੈ। ਦੁਬਈ, ਅਬੂ ਧਾਬੀ ਅਤੇ ਦੋਹਾ ਵਰਗੇ ਪ੍ਰਮੁੱਖ ਹਵਾਬਾਜ਼ੀ ਕੇਂਦਰਾਂ 'ਤੇ ਕੰਮਕਾਜ ਰੁਕਣ ਕਾਰਨ ਦੁਨੀਆ ਭਰ ਵਿੱਚ 1,000 ਤੋਂ ਵੱਧ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ। ਯੂਏਈ, ਸਾਊਦੀ ਅਰਬ, ਜਾਰਡਨ, ਬਹਿਰੀਨ, ਫਲਸਤੀਨ (ਰਾਮੱਲਾਹ-ਵੈਸਟ ਬੈਂਕ), ਕਤਰ ਅਤੇ ਈਰਾਨ ਵਿੱਚ ਰਹਿਣ ਵਾਲੇ ਜਾਂ ਯਾਤਰਾ ਕਰਨ ਵਾਲੇ ਭਾਰਤੀਆਂ ਨੂੰ ਵਿਸ਼ੇਸ਼ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਗਈ ਹੈ। ਤੇਲ ਅਵੀਵ ਵਿੱਚ ਭਾਰਤੀ ਦੂਤਾਵਾਸ ਨੇ ਚੌਕਸੀ ਵਰਤਣ ਦੀ ਅਪੀਲ ਕੀਤੀ ਹੈ। ਭਾਰਤੀ ਨਾਗਰਿਕਾਂ ਨੂੰ ਇਜ਼ਰਾਈਲੀ ਪ੍ਰਸ਼ਾਸਨ ਅਤੇ ਹੋਮ ਫਰੰਟ ਕਮਾਂਡ ਦੇ ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਅਤੇ ਬੇਲੋੜੀ ਯਾਤਰਾ ਤੋਂ ਬਚਣ ਦੀ ਅਪੀਲ ਕੀਤੀ ਗਈ ਹੈ। ਭਾਰਤ ਦੇ ਦੂਤਾਵਾਸ, ਤਹਿਰਾਨ ਨੇ ਈਰਾਨ ਵਿੱਚ ਰਹਿਣ ਵਾਲੇ ਭਾਰਤੀ ਨਾਗਰਿਕਾਂ ਲਈ ਇੱਕ ਨਵੀਂ ਸਲਾਹ ਜਾਰੀ ਕੀਤੀ ਹੈ। ਦੂਤਾਵਾਸ ਨੇ ਸਾਰੇ ਭਾਰਤੀਆਂ ਨੂੰ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਵੱਧ ਤੋਂ ਵੱਧ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਹੈ।




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar


www.damdamitaksal.net

Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
ਨਾਮ ਜਪੋ ਕਿਰਤ ਕਰੋ ਵੰਡ ਛਕੋ
Naam Japo Kirat Karo Vand Shako
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net

ਆਵਾਜ਼ਿ ਕੌਮ
Daily Newspaper from U.K.
Publisher/Chief Editor
***Raghbir Singh Walsal***
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243


ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਕਾਰ ਸੇਵਾ ਸੰਪਰਦਾਇ ਸਰਹਾਲੀ ਸਾਹਿਬ
ਸੰਤ ਬਾਬਾ ਹਾਕਮ ਸਿੰਘ ਜੀ
ਸੰਤ ਬਾਬਾ ਸੁੱਖਾ ਸਿੰਘ ਜੀ
ਦੇ ਉਪਰਾਲੇ ਸਦਕਾ


ਸੰਤ ਬਾਬਾ ਹਾਕਮ ਸਿੰਘ ਜੀ


ਸੰਤ ਬਾਬਾ ਸੁੱਖਾ ਸਿੰਘ ਜੀ

ਮਹਾਨ ਹੋਲਾ ਮਹੱਲਾ ਸਮਾਗਮ

ਮਿਤੀ
3 ਮਾਰਚ 2026
ਸਮਾਂ:
ਰਾਤ 8 ਤੋਂ 10 ਵਜੇ

ਮਿਤੀ
4 ਮਾਰਚ 2026
ਸਮਾਂ:
ਦਿਨੇ 12 ਤੋਂ 3 ਵਜੇ

ਗੁਰਦੁਆਰਾ ਸਾਹਿਬ ਭਾਈ ਬਾਲਾ ਸੰਧੂ ਜੀ
ਬੰਗਲਾ ਪੰਡੋਰਾ ਸ਼ਿਵਪੁਰੀ
ਨੇੜੇ ਗਵਾਲੀਅਰ ਮੱਧ ਪ੍ਰਦੇਸ਼ ਵਿੱਚ

ਪੰਥ ਪ੍ਰਸਿੱਧ ਸਿੱਖ ਪ੍ਰਚਾਰਕ
ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਜੀ
ਧਾਰਮਿਕ ਦੀਵਾਨ ਸਜਾਉਣਗੇ

ਅੰਮ੍ਰਿਤ ਸੰਚਾਰ
5 ਮਾਰਚ ਨੂੰ
ਸਵੇਰੇ 11 ਵਜੇ
ਹੋਵੇਗਾ

ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ


ਪੰਥ ਪ੍ਰਸਿੱਧ ਸਿੱਖ ਪ੍ਰਚਾਰਕ
ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਜੀ

ਸਰਬੱਤ ਸੰਗਤਾਂ ਵਹੀਰਾਂ ਘੱਤ ਕੇ ਪੁੱਜੋ ਅਤੇ ਗੁਰਬਾਣੀ ਗੁਰਇਤਿਹਾਸ ਦਾ ਲਾਹਾ ਪ੍ਰਾਪਤ ਕਰੋ ਜੀ

ਬੇਨਤੀ ਕਰਤਾ - ਸਮੂੰਹ ਸੇਵਾਦਾਰ ਸਾਧ ਸੰਗਤ ਕਾਰ ਸੇਵਾ ਸੰਪਰਦਾਇ ਸਰਹਾਲੀ ਸਾਹਿਬ ਅਤੇ ਇਲਾਕਾ ਨਿਵਾਸੀ


Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ
AWAZE QAUM
International Newspaper & WEB TV

## ਗੁਰੂ ਰਵਿਦਾਸ ਮਹਾਰਾਜ ਜੀ ਦਾ 649 ਵਾ ਪ੍ਰਕਾਸ਼ ਦਿਹਾੜਾ ਡੇਰਾ ਬਾਬਾ ਫੂਲ ਨਾਥ ਨਾਨਕ ਨਗਰੀ ਚੁਹੇੜੂ ਜਲੰਧਰ ਵਿਖੇ

# ਸ਼ਰਧਾ ਭਾਵਨਾਵਾਂ ਨਾਲ ਮਨਾਇਆ ਗਿਆ : ਸੰਤ ਕਿਸ਼ਨ ਨਾਥ ਮਹਾਰਾਜ



**ਜੰਡਿਆਲਾ ਗੁਰੂ, 1 ਮਾਰਚ ( ਕੁਲਵੰਤ ਸਿੰਘ ਵਿਰਦੀ )**-ਅੱਜ ਡੇਰਾ ਬਾਬਾ ਫੂਲ ਨਾਥ ਮਹਾਰਾਜ ਜੀ ਨਾਨਕ ਨਗਰੀ ਚੁਹੇੜੂ ਦੇ ਗੱਦੀ ਨਸ਼ੀਨ ਸੰਤ ਮਹਾਂਪੁਰਸ਼ ਕਿਰਸਨਾਥ ਮਹਾਰਾਜ ਜੀ ਦੀ ਦੇਖ ਰੇਖ ਅਤੇ ਗੁਰੂ ਰਵਿਦਾਸ ਮਹਾਰਾਜ ਜੀ ਦੀ ਪਵਿੱਤਰ ਅੰਮ੍ਰਿਤ ਬਾਣੀ ਦੀ ਅਗਵਾਈ ਅਤੇ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਭਾਵਨਾਵਾਂ ਤੇ ਉਤਸ਼ਾਹ ਨਾਲ ਮਨਾਈ ਗਈ ਕਾਫੀ ਦਿਨਾਂ ਤੋਂ ਆਦਿ ਗੁਰੂ ਗ੍ਰੰਥ ਸਾਹਿਬ ਜੀ 'ਚ ਦਰਜ਼ ਗੁਰੂ ਰਵਿਦਾਸ ਮਹਾਰਾਜ ਜੀ ਦੀ ਪਵਿੱਤਰ ਬਾਣੀ ਦੇ ਲੜੀਵਾਰ ਭੋਗ ਪਾਏ ਗਏ ਅਤੇ ਅੱਜ 649 ਵੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਗੁਰਬਾਣੀ ਦੇ ਭੋਗ ਪਾਏ ਗਏ, ਅਤੇ ਵੱਡੀ ਗਿਣਤੀ ਵਿੱਚ ਪਹੁੰਚੇ ਸੰਤਾਂ ਮਹਾਪੁਰਸ਼ਾਂ ਨੇ ਆਪਣੇ ਪ੍ਰਵਚਨਾਂ ਰਾਹੀਂ ਨਿਹਾਲ ਕੀਤਾ ਗਿਆ, ਬਹੁਤ ਨਾਮੀ ਕਲਾਕਾਰਾਂ ਨੇ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਵਿੱਚ ਧਾਰਮਿਕ ਗੀਤਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ, ਸਮਾਗਮ ਵਿੱਚ ਬਹੁਤ ਸਾਰੇ ਧਾਰਮਿਕ ਸਿਆਸੀ ਸਮਾਜਿਕ ਅਤੇ ਸੰਤਾਂ ਮਹਾਪੁਰਸ਼ਾਂ ਤੋਂ ਇਲਾਵਾ ਹਜ਼ਾਰਾਂ ਸੰਗਤਾਂ ਨੇ ਹਾਜ਼ਰੀ ਲਵਾਈ ਅਤੇ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਉਪਦੇਸ਼ ਨੂੰ ਸ੍ਰਵਣ ਕੀਤਾ, ਸਮਾਗਮ ਵਿਚ ਡੇਰਾ ਬਾਬਾ ਫੂਲ ਨਾਥ ਮਹਾਰਾਜ ਜੀ ਦੇ ਗੱਦੀ ਨਸ਼ੀਨ ਸੰਤ ਕਿਰਸਨਨਾਥ ਜੀ,ਸੰਤ ਅਵਤਾਰ ਦਾਸ ਚੁਹੇੜੇ ਵਾਲੇ,ਸੰਤ ਟਹਿਲ ਨਾਥ ਨੰਗਲ ਵਾਲੇ, ਠੇਕੇਦਾਰ ਭੁਲਾ ਰਾਮ ਜੀ,ਹੈਡ ਗ੍ਰੰਥੀ ਡੇਰਾ, ਸੈਕਟਰੀ ਤੋਂ ਇਲਾਵਾ ਬਹੁਤ ਸਾਰੇ ਸੇਵਾਦਾਰਾਂ ਨੇ ਹਾਜ਼ਰੀ ਲਵਾਈ, ਇਸ ਮੌਕੇ ਗੱਦੀ ਨਸ਼ੀਨ ਸੰਤ ਕਿਸ਼ਨ ਨਾਥ ਮਹਾਰਾਜ ਜੀ ਨੇ ਜਿਥੇ ਆਪਣੇ ਪ੍ਰਵਚਨਾਂ ਤੋਂ ਪਹਿਲਾਂ ਸਮੂਹ ਸੰਗਤਾਂ ਨੂੰ ਗੁਰੂ ਰਵਿਦਾਸ ਮਹਾਰਾਜ ਜੀ ਦੇ 649 ਵੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੱਤੀ ਅਤੇ ਸੰਗਤਾਂ ਨੂੰ ਉਪਦੇਸ਼ ਕੀਤਾ ਕਿ ਗੁਰੂ ਰਵਿਦਾਸ ਮਹਾਰਾਜ ਜੀ, ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਤੇ ਬਾਓ ਕਾਂਸ਼ੀ ਰਾਮ ਜੀ ਦੀ ਪ੍ਰੇਰਨਾ ਸਦਕਾ ਉੱਚ ਵਿੱਦਿਆ ਪ੍ਰਾਪਤ ਕਰਨ ਦੇ ਨਾਲ ਰਾਜ ਸਤਾ ਦੀ ਪ੍ਰਾਪਤੀ ਲਈ ਉਦਮ ਉਪਰਾਲੇ ਕੀਤੇ ਜਾਣ, ਉਹਨਾਂ ਕਿਹਾ ਡੇਰਾ ਬਾਬਾ ਫੂਲ ਨਾਥ ਦੀ ਸਰਪ੍ਰਸਤੀ ਹੇਠ ਜੇਤੇਵਾਲੀ ਵਿਖੇ ਸੁੰਦਰ ਸਕੂਲ ਬਣਇਆ ਗਿਆ ਅਤੇ ਬੱਚਿਆਂ ਨੂੰ ਵਿੱਦਿਆ ਦੇਣ ਡੇਰੇ ਵਿਖੇ ਟਵੀਸਨ ਸੈਂਟਰ ਬਣਾਇਆ ਗਿਆ ਹੈ ਜਿਥੇ ਵਿਦਿਆਰਥੀਆਂ ਨੂੰ ਫਰੀ ਪੜਾਈ ਕਰਾਈ ਜਾਂਦੀ ਹੈ, ਇਸ ਮੌਕੇ ਤੇ ਆਏ ਸੰਤਾਂ ਮਹਾਪੁਰਸ਼ਾਂ ਦਾ ਸੰਤ ਕਿਸ਼ਨ ਦਾਸ ਵਲੋਂ ਸਨਮਾਨਿਤ ਕੀਤਾ ਗਿਆ ਅਤੇ ਗੁਰੂ ਕੇ ਲੰਗਰ ਭੰਡਾਰੇ ਅਤੁੱਟ ਵਰਤਾਏ ਗਏ, ਇਸ ਮੌਕੇ ਸਬੰਧੀ ਪ੍ਰੈਸ ਨੂੰ ਜਾਣਕਾਰੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਸਮਾਗਮ ਦੀਆਂ ਹਾਜ਼ਰੀਆਂ ਭਰਨ ਤੋਂ ਉਪਰੰਤ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਦਿੱਤੀ।

ਆਵਾਜ਼ਿ ਕੌਮ AWAZE QAUM International Newspaper & WEB TV

## ਈਰਾਨ ਵਿਰੁੱਧ ਅਮਰੀਕਾ- ਇਜ਼ਰਾਈਲ ਜੰਗ- ਅੰਤਰਰਾਸ਼ਟਰੀ ਕਾਨੂੰਨ ਅਤੇ ਵਿਸ਼ਵ ਰਾਸ਼ਟਰਾਂ ਦੀ ਪ੍ਰਭੂਸੱਤਾ ਲਈ ਗੰਭੀਰ ਖ਼ਤਰਾ: ਐਸਕੇਐਮ

# ਮੋਦੀ ਸਰਕਾਰ ਨੂੰ ਭਾਰਤ ਦੀ ਸਾਮਰਾਜ ਵਿਰੋਧੀ ਪਰੰਪਰਾ ਨੂੰ ਕਾਇਮ ਰੱਖਣ ਦੀ ਦਿੱਤੀ ਚੇਤਾਵਨੀ

**ਨਵੀਂ ਦਿੱਲੀ, 1 ਮਾਰਚ (ਮਨਪ੍ਰੀਤ ਸਿੰਘ ਖਾਲਸਾ)**:- ਐਸਕੇਐਮ ਸਾਮਰਾਜਵਾਦੀ ਅਮਰੀਕਾ ਅਤੇ ਉਸਦੇ ਚਹੇਤੇ ਜ਼ਾਇਓਨਿਸਟ ਇਜ਼ਰਾਈਲ ਅਤੇ ਅਯਾਤੁੱਲਾ ਅਲੀ ਖਮੇਨੀ ਸਮੇਤ ਵੱਡੇ ਕਾਤਲਾਂ ਦੁਆਰਾ ਈਰਾਨ ਵਿਰੁੱਧ ਥੋਪੀ ਗਈ ਜੰਗ ਦੀ ਸਖ਼ਤ ਨਿੰਦਾ ਕਰਦਾ ਹੈ। ਇਹ ਅੰਤਰਰਾਸ਼ਟਰੀ ਕਾਨੂੰਨ ਅਤੇ ਸੰਯੁਕਤ ਰਾਸ਼ਟਰ ਅਤੇ ਸਮੁੱਚੇ ਵਿਸ਼ਵ ਦੇਸ਼ਾਂ ਅਤੇ ਲੋਕਾਂ ਨੂੰ ਵਿਸ਼ਵ ਰਾਸ਼ਟਰਾਂ ਦੀ ਪ੍ਰਭੂਸੱਤਾ ਅਤੇ ਮਨੁੱਖਤਾ 'ਤੇ ਅਜਿਹੇ ਲਾਪਰਵਾਹ ਹਮਲਿਆਂ ਨੂੰ ਰੋਕਣ ਲਈ ਇੱਕਜੁੱਟ ਹੋਣਾ ਪਵੇਗਾ। ਡੋਨਾਲਡ ਟਰੰਪ ਸ਼ਾਸਨ ਅਧੀਨ ਅਮਰੀਕਾ ਇੱਕ ਬਦਮਾਸ਼ ਅਤੇ ਘਾਤਕ ਰਾਜ ਬਣ ਗਿਆ ਹੈ ਜੋ ਵਿਸ਼ਵ ਸ਼ਾਂਤੀ ਲਈ ਖ਼ਤਰਾ ਹੈ।ਅਮਰੀਕਾ ਦੁਆਰਾ ਸਰਗਰਮੀ ਨਾਲ ਸਮਰਥਨ ਪ੍ਰਾਪਤ ਇਜ਼ਰਾਈਲ ਦੁਆਰਾ ਫਲਸਤੀਨ ਵਿੱਚ ਕੀਤੀ ਗਈ ਬੇਰਹਿਮੀ ਨਸਲਕੁਸ਼ੀ ਨੇ ਹਜ਼ਾਰਾਂ ਨਿਰਦੋਸ਼ ਨਾਗਰਿਕਾਂ ਨੂੰ ਮਾਰ ਦਿੱਤਾ। ਵੈਨੇਜ਼ੁਏਲਾ 'ਤੇ ਹਮਲਾ ਅਤੇ ਇਸਦੇ ਚੁਣੇ ਹੋਏ ਰਾਸ਼ਟਰਪਤੀ ਨਿਕੋਲਸ ਮਾਦੁਰੋ ਅਤੇ ਪਹਿਲੀ ਮਹਿਲਾ ਸੀਲੀਆ ਫਲੋਰਸ ਨੂੰ ਫੜਨਾ ਅਮਰੀਕੀ ਬਹੁ-ਰਾਸ਼ਟਰੀ ਕੰਪਨੀਆਂ ਦੇ ਮੁਨਾਫ਼ੇ ਨੂੰ ਵੱਧ ਤੋਂ ਵੱਧ ਕਰਨ ਲਈ ਵਿਸ਼ਾਲ ਤੇਲ ਸਰੋਤਾਂ ਨੂੰ ਹੜੱਪਣਾ ਸੀ। ਈਰਾਨ 'ਤੇ ਹਮਲੇ ਦਾ ਉਦੇਸ਼ ਤੇਲ ਸਮੇਤ ਇਸਦੇ ਵਿਸ਼ਾਲ ਸਰੋਤਾਂ ਨੂੰ ਹੜੱਪਣਾ ਵੀ ਹੈ। ਈਰਾਨ ਨੂੰ ਆਪਣਾ ਬਚਾਅ ਕਰਨ ਦਾ ਪੂਰਾ ਅਧਿਕਾਰ ਹੈ। ਪੂਰਾ ਸਾਮਰਾਜਵਾਦੀ ਅਮਰੀਕਾ- ਇਜ਼ਰਾਈਲ ਡਿਜ਼ਾਈਨ ਤੇਲ ਸਪਲਾਈ ਨੂੰ ਕੰਟਰੋਲ ਕਰਨਾ ਅਤੇ ਦੁਨੀਆ ਨੂੰ ਹੁਕਮ ਦੇਣਾ ਹੈ ਅਤੇ ਮੁਨਾਫ਼ੇ ਨੂੰ ਵੱਧ ਤੋਂ ਵੱਧ ਕਰਨ ਲਈ ਵਪਾਰਕ ਨੀਤੀਆਂ ਲਾਗੂ ਕਰਨ ਲਈ ਦੇਸ਼ਾਂ ਨੂੰ ਡਰਾਉਣਾ ਹੈ। ਐਸਕੇਐਮ ਨੇ ਮੋਦੀ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ ਕਿ ਉਹ ਇਸ ਮਹਾਨ ਧਰਤੀ ਦੀ ਸਾਮਰਾਜ ਵਿਰੋਧੀ ਪਰੰਪਰਾ ਨੂੰ ਬਰਕਰਾਰ ਰੱਖੇ ਅਤੇ ਭਾਰਤ ਨੂੰ ਸਾਮਰਾਜਵਾਦੀ ਅਮਰੀਕਾ ਅਤੇ ਜ਼ਾਇਓਨਿਸਟ ਇਜ਼ਰਾਈਲ ਦੀ ਅਗਵਾਈ ਵਾਲੇ ਗੱਠਜੋੜ ਦਾ ਹਿੱਸਾ ਨਾ ਬਣਾਏ ਜੋ ਵਿਸ਼ਵ ਸ਼ਾਂਤੀ ਲਈ ਵੱਡਾ ਖ਼ਤਰਾ ਹੈ। ਐਸਕੇਐਮ ਸਾਰੀਆਂ ਰਾਜਨੀਤਿਕ ਪਾਰਟੀਆਂ ਅਤੇ ਲੋਕਾਂ ਦੇ ਸਾਰੇ ਵਰਗਾਂ ਦੇ ਪਲੇਟਫਾਰਮਾਂ ਅਤੇ ਸੰਗਠਨਾਂ ਨੂੰ ਵਿਸ਼ਵ ਸ਼ਾਂਤੀ ਲਈ ਇੱਕਜੁੱਟ ਹੋਣ ਅਤੇ ਵਿਸ਼ਵ ਰਾਸ਼ਟਰਾਂ ਦੇ ਪ੍ਰਭੂਸੱਤਾ ਅਧਿਕਾਰਾਂ ਦੀ ਰੱਖਿਆ ਕਰਨ ਅਤੇ ਅੰਤਰਰਾਸ਼ਟਰੀ ਕਾਨੂੰਨ ਦੀ ਰੱਖਿਆ ਕਰਨ ਦਾ ਸੱਦਾ ਦਿੰਦਾ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

## ਧੰਨ ਧੰਨ ਬਾਬਾ ਗੁਰਦਿੱਤਾ ਜੀ ਦੇ ਤਪ ਅਸਥਾਨ ਪਿੰਡ ਤਿਮੋਵਾਲ ਵਿਖੇ ਸਲਾਨਾ ਜੋੜ ਮੇਲਾ 9 ਮਾਰਚ ਤੋਂ 14 ਮਾਰਚ ਤੱਕ ਮਨਾਇਆ ਜਾਵੇਗਾ : ਬਾਬਾ ਜੋਗਾ ਸਿੰਘ



**ਜੰਡਿਆਲਾ ਗੁਰੂ, 1 ਮਾਰਚ (ਕੁਲਵੰਤ ਸਿੰਘ ਵਿਰਦੀ)**-ਮੇਨ ਜੀ ਟੀ ਰੋਡ ਤੂੰ ਕੁਝ ਹੀ ਦੂਰੀ ਤੇ ਵਸੇ ਇਤਿਹਾਸਿਕ ਨਗਰ ਪਿੰਡ ਤਿਮੋਵਾਲ ਵਿਖੇ, ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਲਾਨਾ ਜੋੜ ਮੇਲਾ ਬੜੀ ਹੀ ਧੂਮ ਧਾਮ ਨਾਲ ਮਨਾਇਆ ਜਾਵੇਗਾ।, ਇੱਥੇ ਹੀ ਪ੍ਰਾਪਤ ਜਾਣਕਾਰੀ ਅਨੁਸਾਰ, ਇਹ ਸਲਾਨਾ ਜੋੜ ਮੇਲਾ 8 ਮਾਰਚ ਦਿਨ ਬੁੱਧਵਾਰ ਨੂੰ ਸ਼ੁਰੂ ਹੋਵੇਗਾ।, ਅਤੇ 8 ਮਾਰਚ ਨੂੰ ਹੀ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਕੀਤੀ ਜਾਵੇਗੀ।, ਅਤੇ 9 ਮਾਰਚ ਨੂੰ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ।, ਜੋ ਕਿ ਗੁਰਦੁਆਰਾ ਸਾਹਿਬ ਤੋਂ ਆਰੰਭ ਹੋ ਕੇ ਪੂਰੇ ਪਿੰਡ ਦੀ ਪਰਿਕਰਮਾ ਕਰਕੇ ਵਾਪਸ ਦੇਰ ਸ਼ਾਮ ਨੂੰ ਆਪਣੇ ਨਿੱਜੀ ਸਥਾਨਾਂ ਤੇ ਆ ਕੇ, ਸੰਪੂਰਨਤਾ ਦੀ ਅਰਦਾਸ ਹੋਵੇਗੀ।, ਅਤੇ 10 ਮਾਰਚ ਦਿਨ ਸੋਮਵਾਰ ਨੂੰ, ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ 9:30 ਵਜੇ ਸਵੇਰੇ ਧਾਰਮਿਕ ਦੀਵਾਨਾਂ ਦੀ ਆਰੰਭਤਾ ਹੋਵੇਗੀ। ਅਤੇ ਇਹ ਦੀਵਾਨ ਲਗਾਤਾਰ ਪੰਜ ਦਿਨ 10 ਮਾਰਚ ਤੋਂ ਲੈ ਕੇ 14 ਮਾਰਚ ਤੱਕ ਸੱਜਣਗੇ, ਇਹਨਾਂ ਦੀਵਾਨਾਂ ਵਿੱਚ ਉੱਚ ਕੋਟੀ ਦੇ ਢਾਡੀ ਕਵੀਸ਼ਰ ਕਥਾ ਵਾਚਕ ਢਾਡੀ ਵਾਰਾਂ ਰਾਹੀਂ ਢਾਡੀ ਜਥੇ ਸੰਗਤਾਂ ਨੂੰ ਨਿਹਾਲ ਕਰਨਗੇ ਇਸ ਮੇਲੇ ਵਿੱਚ ਤਰਨਾ ਦਲ ਮਿਸ਼ਲ ਸ਼ਹੀਦਾਂ ਬਾਬਾ ਬਕਾਲਾ ਸਾਹਿਬ ਹੈਡਕੁਆਟਰ ਦੇ ਮੁਖੀ ਬਾਬਾ ਜੋਗਾ ਸਿੰਘ ਜੀ, ਸੰਤ ਬਾਬਾ ਗੁਰਦੇਵ ਸਿੰਘ ਜੀ ਸ਼ਹੀਦੀ ਬਾਗ ਸ੍ਰੀ ਅਨੰਦਪੁਰ ਸਾਹਿਬ ਵਾਲੇ, ਇਸ ਤੋਂ ਇਲਾਵਾ ਵੱਖ-ਵੱਖ ਅੱਠ ਜਥੇਬੰਦੀਆਂ, ਦੇ ਮੁਖੀ ਵੀ ਆਪਣੀ ਹਾਜ਼ਰੀ ਲਵਾਉਣਗੇ। ਇਸ ਮੇਲੇ ਵਿੱਚ ਪ੍ਰਬੰਧਕਾਂ ਵੱਲੋਂ ਸੱਦਾ ਦਿੱਤਾ ਗਿਆ ਹੈ ਕਿ ਕੋਈ ਵੀ ਸੱਜਣ ਮੇਲੇ ਵਿੱਚ ਨਸ਼ਾ ਕਰਕੇ ਨਾ ਆਵੇ, ਇਸ ਮੌਕੇ ਤੇ ਲੰਗਰ ਇੰਚਾਰਜ ਬਾਬਾ ਕਸ਼ਮੀਰ ਸਿੰਘ ਬਾਬਾ ਦਿਲਬਾਗ ਸਿੰਘ ਸ਼ਾਹ, ਹਰਜਿੰਦਰ ਸਿੰਘ ,ਸੇਵਾਦਾਰ ਗਿਆਨ ਸਿੰਘ ਫੌਜੀ, ਸੇਵਾਦਾਰ ਗੁਰਮੇਜ ਸਿੰਘ ਫੌਜੀ, ਸੇਵਾਦਾਰ ਚਰਨਜੀਤ ਸਿੰਘ ਕੋਠੀ ਵਾਲੇ, ਗੁਰਮੇਲ ਸਿੰਘ ਫੋਜੀ ਮੱਲੀਆਂ ਵਾਲੇ ਅਤੇ ਸੇਵਾਦਾਰ ਜਥੇਦਾਰ ਬਾਬਾ ਗੁਰਮੇਲ ਸਿੰਘ ਜੀ ਅਲੋਵਾਲ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਪੰਥ ਵਸੇ ਮੈਂ ਉੱਜੜਾਂ ਦੇ ਸਿਧਾਂਤ ਨੂੰ ਅਧਿਕਤਰ ਸਿੱਖ ਲੈ ਰਹੇ ਹਨ ਉਲਟ ਭਾਵਨਾ ਨਾਲ - ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਕੇ (ਰਜਿ.)



ਨਵੀਂ ਦਿੱਲੀ 1 ਮਾਰਚ (ਮਨਪ੍ਰੀਤ ਸਿੰਘ ਖਾਲਸਾ):- ਪੰਥ ਦਰਦੀ ਹਮੇਸ਼ਾ ਪੰਥਕ ਏਕਤਾ ਦੀ ਅਰਦਾਸ ਕਰਦੇ ਹਨ, ਅਤੇ ਸਿਧਾਂਤਕ ਪੰਥਕ ਏਕਤਾ ਕੌਮੀ ਸੰਘਰਸ਼ ਦੀ ਕਾਮਯਾਬੀ ਲਈ ਅਤਿਅੰਤ ਜ਼ਰੂਰੀ ਹੈ। ਪਰ ਅਫਸੋਸ ਕਿ ਬਹੁ ਗਿਣਤੀ ਸਿੱਖ ਅਤੇ ਖਾਸਕਰ ਜਿੰਮੇਵਾਰ ਸੰਸਥਾਵਾਂ ਦੇ ਅਹਿਮ ਆਗੂ ਪੰਥ ਵਸੇ ਮੈਂ ਉੱਜੜਾਂ ਦੇ ਸਿਧਾਂਤ ਨੂੰ ਉਲਟ ਭਾਵਨਾ ਨਾਲ ਲੈ ਰਹੇ ਹਨ। ਗੁਰੂ ਨਾਨਕ ਦੇਵ ਜੀ ਨੇ ਪ੍ਰਚਲਿਤ ਲੋਕਤੰਤਰ ਤੋਂ ਵੀ ਉੱਤਮ ਸਿਧਾਂਤ ਬਖਸ਼ੇ ਹਨ ਇਸਦੇ ਬਾਵਜੂਦ ਬਹੁਗਿਣਤੀ ਆਗੂ ਆਪੋ-ਆਪਣੀ ਡਿਕਟੇਟਰਸ਼ਿਪ ਅਤੇ ਧੌਂਸ ਮਨਵਾਉਣ ਦੀ ਜਿੱਦ ਵਿੱਚ ਸੰਸਥਾਨਾਂ ਦਾ ਨੁਕਸਾਨ ਕਰ ਰਹੇ ਹਨ। ਬਹੁ-ਗਿਣਤੀ ਪਦਾਰਥਵਾਦੀ ਹਵਸ ਖਾਤਰ ਪੰਥਕ ਹੋਣ ਦਾ ਵਿਖਾਵਾ ਕਰਦੇ ਹੋਏ ਸਰਕਾਰੀ ਸਰਪ੍ਰਸਤੀ ਅਧੀਨ ਵਿਚਰ ਰਹੇ ਹਨ ਅਤੇ ਸਰਕਾਰੀ ਏਜੰਡੇ ਦੀ ਹੀ ਪੂਰਤੀ ਕਰਦੇ ਹਨ, ਉਨ੍ਹਾ ਨੂੰ ਇਸਦੀ ਖਾਤਰ ਬਿਪਰਨ ਕੀ ਰੀਤ ਤਹਿਤ ਵਿਚਰਨ ਵਾਲੀਆਂ ਜਾਂ ਸਿੱਖ ਨਸਲਕੁਸ਼ੀ ਲਈ ਜਿੰਮੇਵਾਰ ਪਾਰਟੀਆਂ ਨਾਲ ਸਹਿਯੋਗ ਕਰਨ ਤੋਂ ਵੀ ਪ੍ਰਹੇਜ ਨਹੀਂ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਕੇ (ਰਜਿ) ਪਾਰਟੀ ਦੇ ਮੁੱਖ ਸੇਵਾਦਾਰ ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਸਮਰਾ, ਜਨਰਲ ਸਕੱਤਰ ਸਤਿੰਦਰ ਸਿੰਘ ਮੰਗੂਵਾਲ ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਕਿਹਾ ਕਿ ਜੇ ਆਗੂ ਦਿਨ ਨੂੰ ਰਾਤ ਜਾਂ ਰਾਤ ਨੂੰ ਦਿਨ ਕਹੇ ਤਾਂ ਬਹੁ-ਗਿਣਤੀ ਜੀ ਹਜੂਰੀ ਖਾਤਿਰ ਸਤਿਬਚਨ ਕਹਿਣ ਲੱਗਿਆ ਮਾਣ ਮਹਿਸੂਸ ਕਰਦੀ ਹੈ, ਆਗੂ ਦੀ ਨਿਗੂਣੀ ਜਿਹੀ ਪ੍ਰਾਪਤੀ 'ਤੇ ਵੀ ਚੀਅਰ ਲੀਡਰਜ ਵਾਂਗ ਝੂਮਣ ਲੱਗ ਪੈਂਦੇ ਹਨ ਪਰ ਜੇ ਇਹੀ ਕੰਮ ਦੂਸਰੀ ਪਾਰਟੀ ਵਿੱਚ ਹੋਵੇ ਤਾਂ ਉਨ੍ਹਾਂ ਨੂੰ ਅੰਧ-ਭਗਤ ਜਿਹੇ ਖਿਤਾਬ ਦਿੰਦੇ ਹਨ। ਕੌਮ ਨੂੰ ਯੋਗ ਲੀਡਰਸ਼ਿਪ ਅਤੇ ਸਿਧਾਂਤਕ ਏਕਤਾ ਮਿਲ਼ਣ ਦੀ ਉਮੀਦ ਕਰਦੇ ਹਾਂ ।

ਆਵਾਜ਼ਿ ਕੌਮ AWAZE QAUM International Newspaper & WEB TV





## ਵਰ੍ਹੇਗੰਢ ਮੁਬਾਰਕ

ਈਸ਼ਵਰ ਗਰਗ ਪੱਤਰਕਾਰ ਤੇ ਸੀਤਾ ਰਾਣੀ ਸਾਬਕਾ ਪ੍ਰਿੰਸੀਪਲ ਵਾਸੀ ਤਲਵੰਡੀ ਸਾਬੋ ਨੇ ਆਪਣੇ ਵਿਆਹ ਦੀ 48ਵੀਂ ਵਰੇਗੰਢ ਮਨਾਈ। ਆਵਾਜਿ ਕੌਮ ਯੂਕੇ ਦੀ ਸਮੁੱਚੀ ਟੀਮ ਵੱਲੋਂ ਮੁਬਾਰਕਬਾਦ।

ਆਵਾਜ਼ਿ ਕੌਮ AWAZE QAUM International Newspaper & WEB TV

### ਗੁ: ਸ਼ਹੀਦ ਸਿੰਘਾਂ ਚੌਹੜਾ ਕੋਟ ਪੱਲੀਆਂ ਵਿਖੇ

# ਹੋਲੇ ਮਹੱਲੇ ਤੇ ਲੰਗਰ ਸ਼ੁਰੂ : ਜਥੇਦਾਰ ਸਵਰਨਜੀਤ ਸਿੰਘ







ਆਵਾਜ਼ਿ ਕੌਮ AWAZE QAUM International Newspaper & WEB TV

ਹਰਸਾਲ ਦੀ ਤਰਾਂ ਇਸ ਸਾਲ ਵੀ ਹੋਲੇ ਮਹੱਲੇ ਦੇ ਮਹਾਨ ਪਵਿੱਤਰ ਦਿਹਾੜੇ ਮੌਕੇ ਖਾਲਸਾ ਪੰਥ ਦੇ ਜਨਮ ਅਸਥਾਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਹੋਲੇ ਮਹੱਲੇ ਦੇ ਦਰਸ਼ਨ ਦੀਦਾਰ ਕਰਨ ਲਈ ਆਉਣ ਜਾਣ ਵਾਲੀਆਂ ਸੰਗਤਾਂ ਲਈ ,ਜਥੇਦਾਰ ਸਵਰਨਜੀਤ ਸਿੰਘ ਪਠਲਾਵਾ ਮੁੱਖੀ ਮਿਸ਼ਲ ਸ਼ਹੀਦਾਂ ਤਰਨਾ ਦਲ ਦੋਆਬਾ ਦੀ ਅਗਵਾਈ ਚ ਬੰਗਾ - ਗੜ੍ਹਸ਼ੰਕਰ ਮਾਰਗ ਤੇ ਸਥਿਤ ਗੁਰਦੁਆਰਾ ਸ਼ਹੀਦਾਂ ਸਿੰਘਾਂ ਬਾਬਾ ਬੇਅੰਤ ਸਿੰਘ ਦੇ ਅਸਥਾਨ ਕੋਟ ਪੱਲੀਆਂ, ਚੌਹੜਾ, ਡਘਾਮ ਵਿਖੇ ਇਲਾਕਾ ਨਿਵਾਸੀ ਸਾਧ ਸੰਗਤ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ 24 ਘੰਟੇ ਗੁਰੂ ਕਾ ਲੰਗਰ ਸ਼ੁਰੂ ਕੀਤੇ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਦਾਰ ਸਵਰਨਜੀਤ ਸਿੰਘ ਨੇ ਦੱਸਿਆ ਕਿ ਇਹ ਲੰਗਰ 28 ਫਰਵਰੀ ਤੋਂ 6 ਮਾਰਚ ਤੱਕ ਚੱਲਣਗੇ। ਇਨ੍ਹਾਂ ਲੰਗਰਾਂ ਵਿੱਚ ਚਾਹ ਪਕੌੜੇ, ਗਰਮਾ- ਗਰਮ ਦਾਲ, ਸਬਜੀਆ, ਜਲੇਬੀਆਂ ਨਾਲ ਪ੍ਰਸ਼ਾਦੇ ਲੰਗਰ ਵਰਤਾਏ ਜਾਣਗੇ ਅਤੇ ਗੰਨੇ ਦਾ ਰਸ ਦੇ ਲੰਗਰ ਲਗਾਏ ਜਾਣਗੇ। ਇਸ ਮਹਾਨ ਲੰਗਰ ਦੇ ਕੁੰਭ ਵਿਚ ਇਲਾਕੇ ਦੀ. ਸਿਰਮੌਰ ਸੰਸਥਾ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਦੇ ਚੇਅਰਮੈਨ ਇੰਦਰਜੀਤ ਸਿੰਘ ਵਾਰੀਆ ਦੀ ਅਗਵਾਈ ਹੇਠ ਅਤੇ ਸੰਸਥਾ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਵਲੋ ਵੱਡਾ ਮੁੱਲਾ ਸਹਿਯੋਗ ਦਿੱਤਾ ਜਾ ਰਿਹਾ ਹੈ। ਇਸ ਮੌਕੇ ਬਾਬਾ ਹਰਨੇਕ ਸਿੰਘ,ਬਲਵੀਰ ਸਿੰਘ ਬਸਿਆਲਾ, ਬਾਬਾ ਸੇਵਾ ਸਿੰਘ, ਬਾਬਾ ਧੰਨਾ ਸਿੰਘ, ਇੰਸਪੈਕਟਰ ਤਰਲੋਚਨ ਸਿੰਘ, ਪਰਮਜੀਤ ਸਿੰਘ, ਹਰਪ੍ਰੀਤ ਸਿੰਘ ਪਠਲਾਵਾ,ਠੇਕੇਦਾਰ, ਬਾਬਾ ਫਤਿਹ ਸਿੰਘ, ਬਾਬਾ ਅਜੀਤ ਸਿੰਘ, ਬਲਦੇਵ ਸਿੰਘ ਪਾਬਲਾ, ਬਾਬਾ ਚੈਹਿਲ ਸਿੰਘ, ਬਾਬਾ ਮੇਜਰ ਸਿੰਘ, ਸਰਪੰਚ ਹਰਮੇਸ਼ ਲਾਲ ਅਤੇ ਸਮੂਹ ਸੇਵਾਦਾਰ ਆਦਿ ਹਾਜਰ ਸਨ।

### ਮੇਲਾ ਖੂਨਦਾਨੀਆਂ ਦਾ 22 ਮਾਰਚ ਨੂੰ- ਅੰਮ੍ਰਿਤਪਾਲ ਬਰਾੜ

# ਵਿਰਾਸਤੀ ਗਾਇਕੀ, ਕਵੀਸ਼ਰੀ ਤੇ ਲੋਕ ਗਾਇਕਾਂ ਵੱਲੋਂ ਹੋਵੇਗਾ ਖੁੱਲਾ ਅਖਾੜਾ



ਆਵਾਜ਼ਿ ਕੌਮ AWAZE QAUM International Newspaper & WEB TV

**ਤਲਵੰਡੀ ਸਾਬੋ, 1 ਮਾਰਚ (ਗੁਰਜੰਟ ਸਿੰਘ ਨਥੇਹਾ)**- ਇਲਾਕੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਮਾਲਵਾ ਵੈਲਫੇਅਰ ਕਲੱਬ ਤਲਵੰਡੀ ਸਾਬੋ ਦੀ ਮੀਟਿੰਗ ਕਲੱਬ ਦੇ ਸਰਪ੍ਰਸਤ ਅੰਮ੍ਰਿਤਪਾਲ ਬਰਾੜ ਦੀ ਪ੍ਰਧਾਨਗੀ ਵਿੱਚ ਹੋਈ ਜਿਸ ਵਿੱਚ ਹਰ ਸਾਲ ਦੀ ਤਰਾਂ ਸ਼ਹੀਦੇ ਆਜਮ ਸ. ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਤਲਵੰਡੀ ਸਾਬੋ ਵਿਖੇ ਮੇਲਾ ਖ਼ੂਨਦਾਨੀਆਂ ਦਾ ਕਰਵਾਉਣ ਦਾ ਫੈਸਲਾ ਕੀਤਾ ਗਿਆ। ਕਲੱਬ ਦੇ ਸਰਪ੍ਰਸਤ ਅੰਮ੍ਰਿਤਪਾਲ ਬਰਾੜ, ਪ੍ਰਧਾਨ ਗਗਨਦੀਪ ਸਿੰਘ ਅਤੇ ਪ੍ਰੈਸ ਸਕੱਤਰ ਵਿਕਾਸ ਸਿੰਗਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਗਰ ਕੌਂਸਲ ਤਲਵੰਡੀ ਸਾਬੋ ਅਤੇ ਲੋਕ ਗਾਇਕ ਹਰਦੇਵ ਮਾਹੀਨੰਗਲ ਦੇ ਸਹਿਯੋਗ ਨਾਲ 22 ਮਾਰਚ ਦਿਨ ਐਤਵਾਰ ਨੂੰ ਖ਼ਾਲਸਾ ਸਕੂਲ ਤਲਵੰਡੀ ਸਾਬੋ ਕਰਵਾਏ ਜਾ ਰਹੇ ਇਸ ਪ੍ਰੋਗਰਾਮ ਵਿੱਚ ਸਵੈਇੱਛਤ ਖ਼ੂਨਦਾਨ ਕੈਂਪ ਅਤੇ ਸਭਿਆਚਾਰਕ ਮੇਲਾ ਲਾਇਆ ਜਾਵੇਗਾ ਜਿਸ ਵਿੱਚ ਵਿਰਾਸਤੀ ਗਾਇਕੀ, ਕਵੀਸ਼ਰੀ ਅਤੇ ਲੋਕ ਗਾਇਕਾਂ ਵੱਲੋਂ ਗਾਇਕੀ ਦਾ ਖੁੱਲਾ ਅਖਾੜਾ ਲਾਇਆ ਜਾਵੇਗਾ ਅਤੇ ਖ਼ੂਨਦਾਨ ਕੈਂਪ ਲਾਉਣ ਵਾਲੀਆਂ ਸੰਸਥਾਵਾਂ, ਖ਼ੂਨਦਾਨੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਮੇਲੇ ਵਿੱਚ ਪੰਜਾਬੀ ਲੋਕ ਗਾਇਕ ਗੁਰਬਿੰਦਰ ਬਰਾੜ, ਗੋਰਾ ਚੱਕ ਵਾਲਾ, ਟਾਈਗਰ, ਬਲਵੀਰ ਚੋਟੀਆਂ, ਗੁਰਦਾਸ ਸੰਧੂ, ਲਵਜੀਤ, ਨਵਦੀਪ ਸੰਧੂ, ਗਾਇਕ ਗੀਤਕਾਰ ਬਲਵੀਰ ਬੋਪਾਰਾਏ, ਸੰਗੀਤਕਾਰ/ਗਾਇਕ ਐਵੀ ਸਰਾਂ ਤੋਂ ਇਲਾਵਾ ਨਵੇਂ ਪੁਰਾਣੇ ਕਈ ਗਾਇਕ ਆਪਣਾ ਪ੍ਰੋਗਰਾਮ ਪੇਸ਼ ਕਰਨਗੇ। ਇਸ ਮੇਲੇ ਵਿੱਚ ਗੀਤਕਾਰ ਅਮਰਦੀਪ ਗਿੱਲ, ਭਿੰਦਰ ਡੱਬਵਾਲੀ, ਅਲਬੇਲ ਬਰਾੜ, ਪ੍ਰੀਤ ਕਾਲਝਰਾਣੀ, ਹਰਫੂਲ ਭੁੱਲਰ, ਅਵਿਨਾਸ਼ ਗੌਂਦਾਰਾ, ਸੁੱਖ ਆਮਦ, ਸਿੱਧੂ ਜੱਜਲ ਤੋਂ ਇਲਾਵਾ ਫ਼ਿਲਮੀ ਅਦਾਕਾਰ ਰਵਿੰਦਰ ਮੰਡ ਵੀ ਹਾਜ਼ਰੀ ਲਗਾਉਣਗੇ। ਕਲੱਬ ਦੇ ਚੇਅਰਮੈਨ ਸ਼ੇਖਰ ਤਲਵੰਡੀ, ਸਕੱਤਰ ਜਗਨਦੀਪ ਸਿੰਘ ਨੇ ਦੱਸਿਆ ਕਿ ਮੇਲੇ ਇਲਾਕੇ ਦੀ ਵਿਸ਼ੇਸ਼ ਨਾਮਣਾ ਖੱਟਣ ਵਾਲੀਆਂ ਸ਼ਖ਼ਸੀਅਤਾਂ ਅਤੇ ਗੀਤਕਾਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਇਸ ਮੇਲੇ ਵਿੱਚ ਪੁਸਤਕਾਂ ਦੀ ਪ੍ਰਦਰਸ਼ਨੀ, ਤਰਕਸ਼ੀਲ ਪ੍ਰਦਰਸ਼ਨੀ, ਦੇਸੀ ਅਨਾਜਾਂ ਦੀ ਪ੍ਰਦਰਸ਼ਨੀ ਤੋਂ ਇਲਾਵਾ ਹੋਰ ਵੀ ਕਈ ਤਰ੍ਹਾਂ ਦੀਆਂ ਪ੍ਰਦਰਸ਼ਨੀਆਂ ਲਾਈਆਂ ਜਾਣਗੀਆਂ। ਇਸ ਮੀਟਿੰਗ ਵਿੱਚ ਕਲੱਬ ਦੇ ਅਹੁਦੇਦਾਰ ਬਿਕਰਮਜੀਤ ਸਿੰਘ, ਅਰਸ਼ਦੀਪ ਗਿੱਲ, ਸੁਖਵਿੰਦਰ ਸਿੰਘ, ਚੌਧਰੀ ਵਿਜੈਪਾਲ ਸਿੰਘ, ਅਮਨਦੀਪ ਸਿੰਘ, ਮੀਡੀਆ ਇੰਚਾਰਜ ਸ਼ੁਭਦੀਪ ਸਿੰਘ, ਖਜ਼ਾਨਚੀ ਮਨਦੀਪ ਸਿੰਘ ਵੀ ਹਾਜ਼ਰ ਸਨ।

# ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਹੋਇਆ ਹਫਤਾਵਾਰੀ ਗੁਰਮਤਿ ਸਮਾਗਮ



ਆਵਾਜ਼ਿ ਕੌਮ AWAZE QAUM International Newspaper & WEB TV

ਤਲਵੰਡੀ ਸਾਬੋ, 01 ਮਾਰਚ (ਗੁਰਜੰਟ ਸਿੰਘ ਨਥੇਹਾ)- ਸਿੱਖ ਪੰਥ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਪਵਿੱਤਰ ਅਸਥਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਹਫਤਾਵਾਰੀ ਗੁਰਮਤਿ ਸਮਾਗਮ ਸ਼ਰਧਾ ਤੇ ਉਤਸ਼ਾਹ ਨਾਲ ਆਯੋਜਿਤ ਕੀਤਾ ਗਿਆ। ਸਮਾਗਮ ਦੌਰਾਨ ਇਲਾਕੇ ਅਤੇ ਦੂਰ-ਦਰਾਜ ਤੋਂ ਆਈਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ ਅਤੇ ਗੁਰਬਾਣੀ ਕੀਰਤਨ ਦਾ ਆਨੰਦ ਮਾਣਿਆ। ਇਸ ਪਵਿੱਤਰ ਸਮਾਗਮ ਮੌਕੇ ਭਾਈ ਜਗਤਾਰ ਸਿੰਘ ਹੈੱਡ ਗ੍ਰੰਥੀ, ਭਾਈ ਨਿਰਭੈ ਸਿੰਘ ਹਜ਼ੂਰੀ ਰਾਗੀ ਜਥਾ, ਭਾਈ ਜਗਤਾਰ ਸਿੰਘ ਜੌੜਕੀਆਂ ਪ੍ਰਚਾਰਕ ਅਤੇ ਭਾਈ ਜਸਵੀਰ ਸਿੰਘ ਮਿੱਡਾ ਢਾਡੀ ਜਥੇ ਵੱਲੋਂ ਗੁਰਬਾਣੀ ਕੀਰਤਨ, ਕਥਾ-ਵਿਚਾਰ ਅਤੇ ਗੁਰ ਇਤਿਹਾਸ ਰਾਹੀਂ ਸੰਗਤਾਂ ਨੂੰ ਰੂਹਾਨੀ ਅਨੰਦ ਨਾਲ ਨਿਹਾਲ ਕੀਤਾ ਗਿਆ। ਹਫਤਾਵਾਰੀ ਸਮਾਗਮ ਮੌਕੇ ਪੰਜ ਪਿਆਰੇ ਸਹਿਬਾਨਾਂ ਵੱਲੋਂ ਆਈਆਂ ਸੰਗਤਾਂ ਨੂੰ ਅੰਮ੍ਰਿਤ ਛਕਾਇਆ ਗਿਆ, ਜਿਸ ਵਿੱਚ 213 ਪ੍ਰਾਣੀਆਂ ਨੇ ਅੰਮ੍ਰਿਤਪਾਨ ਕਰਕੇ ਗੁਰੂ ਵਾਲੇ ਬਣਨ ਦੀ ਪ੍ਰਾਪਤੀ ਕੀਤੀ। ਅੰਮ੍ਰਿਤ ਸੰਚਾਰ ਸਮੇਂ ਸੰਗਤਾਂ ਵਿੱਚ ਵਿਸ਼ੇਸ਼ ਉਤਸ਼ਾਹ ਅਤੇ ਭਾਵੁਕ ਮਾਹੌਲ ਦੇ ਦਰਸ਼ਨ ਹੋਏ। ਇਸ ਮੌਕੇ ਸਿੰਘ ਸਾਹਿਬ ਬਾਬਾ ਟੇਕ ਸਿੰਘ ਜੀ ਧਨੌਲਾ, ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵੱਲੋਂ ਹਾਜ਼ਰੀ ਭਰਦਿਆਂ ਆਈਆਂ ਸੰਗਤਾਂ ਨੂੰ ਜੀ ਆਇਆਂ ਕਿਹਾ ਗਿਆ ਅਤੇ ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਗੁਰੂ ਮਰਯਾਦਾ ਅਨੁਸਾਰ ਜੀਵਨ ਬਤੀਤ ਕਰਨ ਦੀ ਅਪੀਲ ਕੀਤੀ ਗਈ। ਉਨ੍ਹਾਂ ਕਿਹਾ ਕਿ ਗੁਰਮਤਿ ਅਨੁਸਾਰ ਜੀਵਨ ਹੀ ਸੱਚੀ ਕਾਮਯਾਬੀ ਦਾ ਮਾਰਗ ਹੈ ਅਤੇ ਅਜਿਹੇ ਸਮਾਗਮਾਂ ਰਾਹੀਂ ਨਵੀਂ ਪੀੜ੍ਹੀ ਨੂੰ ਸਿੱਖੀ ਨਾਲ ਜੋੜਿਆ ਜਾ ਸਕਦਾ ਹੈ। ਅੰਤ ਵਿੱਚ ਸੰਗਤਾਂ ਨੇ ਗੁਰੂ ਘਰ ਦੀ ਹਜ਼ੂਰੀ ਵਿੱਚ ਅਰਦਾਸ ਕਰਕੇ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ। ਇਸ ਸਮੇਂ ਤਖ਼ਤ ਸਾਹਿਬ ਦੇ ਮੈਨੇਜਰ ਸ. ਨਰਿੰਦਰਜੀਤ ਸਿੰਘ ਅਤੇ ਸਬ ਆਫ਼ਿਸ ਧਰਮ ਪ੍ਰਚਾਰ ਕਮੇਟੀ ਦੇ ਇੰਚਾਰਜ ਸ. ਭੋਲਾ ਸਿੰਘ ਹੀਰੇਵਾਲਾ ਹਾਜ਼ਰ ਸਨ।

# ਬਾਬਾ ਸ੍ਰੀ ਚੰਦ ਜੀ ਡੇਰਾ ਤਪਿਆਣਾ ਸਾਹਿਬ ਟਾਂਗਰਾ ਵਿਖੇ 74 ਵਾਂ ਹੋਲਾ ਮਹੱਲਾ ਅੱਜ ਤੋਂ ਸ਼ੁਰੂ-ਬਾਬਾ ਦਰਸ਼ਨ ਦਾਸ ਜੀ

**ਜੰਡਿਆਲਾ ਗੁਰੂ, 1 ਮਾਰਚ ( ਕੁਲਵੰਤ ਸਿੰਘ ਵਿਰਦੀ )**-ਜੀ ਟੀ ਰੋਡ ਉੱਤੇ ਵਸੇ ਕਸਬਾ ਟਾਂਗਰਾ ਵਿਖੇ ਸ੍ਰੀ 108 ਸੰਤ ਬਾਬਾ ਗੁਰਮੁਖ ਦਾਸ ਜੀ ਉਦਾਸੀਨ ਸੰਪਰਦਾਏ ਬਾਬਾ ਗੁਲਾਬ , ਦਾਸ ਜੀ ਗੱਦੀ ਲਹੂਕਿਆਂ ਵਾਲੀ ਪਿੰਡ ਟਾਂਗਰਾ ਜਿਲਾ ਅੰਮ੍ਰਿਤਸਰ ਵਿਖੇ 74 ਵਾਂ ਸਲਾਨਾ ਹੋਲਾ ਮੁਹੱਲਾ ਬੜੀ ਧੂਮ ਧਾਮ ਨਾਲ ਮਨਾਇਆ ਜਾਵੇਗਾ। ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੇਰੇ ਦੇ ਮੌਜੂਦਾ ਮੁਖੀ ਸ੍ਰੀਮਾਨ ਸੰਤ ਬਾਬਾ ਦਰਸ਼ਨ ਦਾਸ ਜੀ ਨੇ ਦੱਸਿਆ ਕਿ ਇਹ ਹੋਲਾ ਮਹੱਲਾ ਹਰ ਸਾਲ ਦੀ ਤਰ੍ਹਾਂ ਸੰਗਤਾਂ ਅਤੇ ਆਸ ਪਾਸ ਦੇ ਇਲਾਕੇ ਦੀਆਂ ਸੰਗਤਾਂ ਅਤੇ ਐਨਆਰਆਈ ਵੀਰਾਂ ਦੇ ਸਹਿਯੋਗ ਨਾਲ ਤੇ 74 ਵਾਂ ਲਗਾਤਾਰ ਹੋਲਾ ਮਹੱਲਾ ਮਨਾਇਆ ਜਾਵੇਗਾ ਜਿਸ ਵਿੱਚ ਸ੍ਰੀਮਾਨ ਸੰਤ ਭਗਵੰਤ ਭਜਨ ਸਿੰਘ ਜੀ ਨਿਰਮਲ ਤਲਾਬ ਬਾਬਾ ਬੁੱਢਾ ਸਾਹਿਬ ਜੀ ਰਮਦਾਸ । ਪਦਮ ਸ੍ਰੀ ਸੰਤ ਬਲਬੀਰ ਸਿੰਘ ਜੀ ਸੀਚੇਵਾਲ ਵਾਲੇ, ਸੰਤ ਦਵਿੰਦਰ ਸਿੰਘ ਨਿਰਮਲ ਕੁਟੀਆ ਸਹਾਬਪੁਰ, ਸ੍ਰੀਮਾਨ ਸੰਤ ਗੁਰਚਰਨ ਸਿੰਘ ਜੀ ਨਿਰਮਲ ਕੁਟੀਆ ਸੰਤ ਸੱਜਣ ਸਿੰਘ ਜੀ ਗੁਰੂ ਕੇ ਬੇਰ ਸਾਹਿਬ ਵਾਲੇ, ਸੰਤ ਨਰਾਇਣਗਿਰੀ ਜੀ ਮੁਛਲਾ ਵਾਲੇ, ਸੰਤ ਬਾਬਾ ਲੀਡਰ ਸਿੰਘ ਜੀ ਸੈਫਲਾਬਾਦ ਵਾਲੇ, ਸੰਤ ਗੁਰਦੀਪ ਸਿੰਘ ਜੀ ਟਾਹਲਾ ਸਾਹਿਬ ਤਰਸਿੱਕਾ ਵਾਲੇ, ਸੰਤ ਗੁਰਭੇਜ ਸਿੰਘ ਜੀ ਖਜਾਲੇ ਵਾਲੇ, ਮਹੰਤਰ ਰਜਿੰਦਰ ਦਾਸ ਉਪਲਾਂ ਵਾਲੇ, ਸ੍ਰੀ ਮਾਨ ਸੰਤ ਵਰਿੰਦਰ ਮੁਨੀ ਜੀ ਉਦਾਸੀਨ ਆਸ਼ਰਮ ਫੇਰੂਮਾਨ, ਸੰਤ ਮਲਕੀਤ ਨਾਥ ਬਾਲਮੀਕ ਤੀਰਥ ਧੂਣਾ ਸਾਹਿਬ, ਸੰਤ ਗਿਰਦਾਰੀ ਨਾਥ ਡੇਰਾ ਗਿਆਨ ਆਸ਼ਰਮ, ਬਾਲ ਜੋਗੀ ਸੰਤ ਪ੍ਰਗਟ ਨਾਥ ਹਰੀਮਪੁਰ ਵਾਲੇ, ਸੰਤ ਗੁਰਸੇਵਕ ਨਾਥ ਕਲਾਰਾਂ ਵਾਲੇ, ਸੰਤ ਨਿਰਮਲ ਦਾਸ ਜੋੜੇ ਵਾਲੇ, ਸੰਤ ਛੋਟੂ ਨਾਥ ਜੀ ਮੀਆਂ ਵਿੰਡ ਕੁਟੀਆ, ਸੰਤ ਰ ਕੇਸ਼ ਨਾਥ ਜੀ ,ਸਾਈ ਜਿੰਦੇ ਸਾਹ ਕਾਦਰੀ ਜੀ, ਸੰਤ ਸੀਤਲ ਦਾਸ ਕਾਦਰਬਾਦ, ਸ੍ਰੀ ਕੁਲਵੰਤ ਦੇਵਾ ਫਤਿਹਾਬਾਦ, ਸੰਤ ਕਾਲੇ ਸ਼ਾਹ ਮੀਰਾਂਕੋਟ ਵਾਲੇ, ਸੰਤ ਭੁਪਿੰਦਰ ਗਿਰੀ ਡੇਰੀਵਾਲ ਵਾਲੇ, ਸ੍ਰੀਮਾਨ ਸੰਤ ਜੋਗੀ ਰਾਮ ਨਾਥ ਜੀ ਖਰੜ ਵਾਲੇ, ਸੰਤ ਸੁੱਚਾ ਦਾਸ ਜੀ ਛੱਜਲਵੱਡੀ ਵਾਲੇ, ਬਾਬਾ ਹਰਪਾਲ ਸਿੰਘ ਜੀ ਬਾਬਾ ਘੋੜੇ ਸ਼ਾਹ ਵਾਲੇ, ਸੰਤ ਹਰਜੀਤ ਦਾਸ ਜੀ ਮੱਤੇਵਾਲ ਠਰੂ ਵਾਲੇ, ਬਾਬਾ ਅਜੈਬ ਸਿੰਘ ਜੀ ਤਰਸਿੱਕੇ ਵਾਲੇ, ਸੰਤ ਜਗੀਰ ਸਿੰਘ ਚੁਗਾਵੇ ਵਾਲੇ, ਸੰਤ ਸ਼ੇਰ ਦਾਸ ਜੀ ਡੇਰਾ ਲਹੂਕਿਆ ਵਾਲੇ, ਸੰਤ ਜਗੀਰ ਦਾਸ ਜੀ ਬਾਬਾ ਬਕਾਲੇ ਵਾਲੇ, ਸੰਤ ਤੁਲਸੀ ਦਾਸ ਜੀ ਡੇਰਾ ਸੁਲਤਾਨਵਿੰਡ, ਅਤੇ ਇਸ ਤੋਂ ਇਲਾਵਾ ਸਿੱਖ ਪੰਥ ਦੇ ਮਹਾਨ ਕੀਰਤਨੀਏ ਅਤੇ ਕਥਾਵਾਚਕ, ਸੰਤ ਗੁਰਦੀਪ ਸਿੰਘ ਜੀ ਖਜਾਲੇ ਵਾਲੇ ਬਾਬਾ ਜੀਵਨ ਸਿੰਘ ਜੀ ਬਗੀਚੀ ਵਾਲੇ, ਬਾਬਾ ਅੰਗਰੇਜ਼ ਸਿੰਘ ਜੀ ਦਮਦਮੀ ਟਕਸਾਲ ਵਾਲੇ ਕਥਾ ਅਤੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ,, ਹੈਡ ਗ੍ਰੰਥੀ ਸਾਹਿਬ ਭਾਈ ਪ੍ਰਤਾਪ ਸਿੰਘ, ਇਸ ਤੋਂ ਇਲਾਵਾ ਧਾਰਮਿਕ ਅਤੇ ਰਾਜਨੀਤਿਕ ਸ਼ਖਸ਼ੀਅਤਾਂ ਵੀ ਸੰਤਾਂ ਦੇ ਦਰਸ਼ਨ ਕਰਨ ਪਹੁੰਚਣਗੀਆਂ, ਇਸ ਮੌਕੇ ਤੇ ਸ੍ਰੀਮਾਨ ਸੰਤ ਬਾਬਾ ਦਰਸ਼ਨ ਸਿੰਘ ਜੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਹੋਲਾ ਮਹੱਲਾ 1 ਮਾਰਚ ਨੂੰ ਸ਼ੁਰੂ ਹੋਵੇਗਾ ਅਤੇ ਇੱਕ ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਅਤੇ 3 ਮਾਰਚ ਨੂੰ ਪੂਰਨਮਾਸ਼ੀ ਵਾਲੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ ਅਤੇ ਇਸ ਤੋਂ ਉਪਰੰਤ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਜਾਏਗਾ ਅਤੇ ਦੀਵਾਨ ਸੱਜਣਗੇ ਅਤੇ 4 ਮਾਰਚ ਨੂੰ ਹੋਲਾ ਮਹੱਲਾ ਮਨਾਇਆ ਜਾਵੇਗਾ, ਇਸ ਮੌਕੇ ਤੇ ਬਾਬਾ ਜੀ ਨੇ ਬੇਨਤੀ ਕੀਤੀ ਕਿ ਕੋਈ ਵੀ ਸੱਜਣ ਮੇਲੇ ਵਿੱਚ ਸ਼ਰਾਬ ਪੀ ਕੇ ਜਾਂ ਕੋਈ ਵੀ ਨਸ਼ਾ ਕਰਕੇ ਮੇਲੇ ਵਿੱਚ ਨਾ ਆਵੇ, ਇਸ ਮੌਕੇ ਤੇ ਮੌਜੂਦਾ ਮੁਖੀ ਸ੍ਰੀਮਾਨ ਸੰਤ ਬਾਬਾ ਦਰਸ਼ਨ ਦਾਸ ਜੀ ਆਦਿ ਹਾਜ਼ਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਸਟਰਾਅ ਬੇਰੀ ਦੀ ਸਫਲ ਕਾਸ਼ਤ ਕਰਕੇ ਸ਼ੇਰੇ ਪੰਜਾਬ ਸਿੰਘ ਕਾਹਲੋਂ ਕਿਸਾਨਾਂ ਲਈ ਰਾਹ-ਦਸੇਰਾ ਬਣਿਆ

# ਅਗਾਂਹਵਧੂ ਕਿਸਾਨ ਸ਼ੇਰੇ ਪੰਜਾਬ ਸਿੰਘ ਕਾਹਲੋਂ ਸਟਰਾਅ ਬੇਰੀ ਦੀ ਫ਼ਸਲ ਤੋਂ ਕਮਾ ਰਿਹਾ ਚੋਖੀ ਆਮਦਨ



**ਜੰਡਿਆਲਾ ਗੁਰੂ 1 ਮਾਰਚ ( ਕੁਲਵੰਤ ਸਿੰਘ ਵਿਰਦੀ )** - ਮਿਹਨਤ ਅੱਗੇ ਲਕਸ਼ਮੀ ਅਤੇ ਪੱਖੇ ਅੱਗੇ ਪੌਣ ਦੀ ਕਹਾਵਤ ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਵਿਰਕ ਦੇ ਅਗਾਂਹਵਧੂ ਕਿਸਾਨ ਸ਼ੇਰੇ ਪੰਜਾਬ ਸਿੰਘ ਕਾਹਲੋਂ ਨੇ ਸੱਚ ਕਰ ਦਿਖਾਇਆ ਹੈ। ਕਿਸਾਨ ਸ਼ੇਰੇ ਪੰਜਾਬ ਸਿੰਘ ਕਾਹਲੋਂ ਆਪਣੇ ਖੇਤਾਂ ਵਿੱਚ ਪਿਛਲੇ ਇੱਕ ਦਹਾਕੇ ਤੋਂ ਸਟਰਾਅ ਬੇਰੀ ਦੀ ਸਫਲ ਕਾਸ਼ਤ ਕਰਕੇ ਚੋਖੀ ਆਮਦਨ ਕਮਾ ਰਿਹਾ ਹੈ। ਸ਼ੇਰੇ ਪੰਜਾਬ ਸਿੰਘ ਨੇ ਇਸ ਫ਼ਸਲ ਦੀ ਕਾਸ਼ਤ ਕਰਕੇ ਜਿੱਥੇ ਫ਼ਸਲੀ ਵਿਭਿੰਨਤਾ ਲਿਆਂਦੀ ਹੈ ਓਥੇ ਨਾਲ ਹੀ ਪਾਣੀ ਦੀ ਬੱਚਤ ਕਰਨ ਵਿੱਚ ਵੀ ਆਪਣਾ ਯੋਗਦਾਨ ਪਾਇਆ ਹੈ। ਅਗਾਂਹਵਧੂ ਕਿਸਾਨ ਸ਼ੇਰੇ ਪੰਜਾਬ ਸਿੰਘ ਕਾਹਲੋਂ ਨੇ ਦੱਸਿਆ ਕਿ ਉਹ ਪਿਛਲੇ 10 ਸਾਲਾਂ ਤੋਂ ਸਟਰਾਅ ਬੇਰੀ ਦੀ ਕਾਸ਼ਤ ਕਰ ਰਿਹਾ ਹੈ। ਸ. ਕਾਹਲੋਂ ਨੇ ਦੱਸਿਆ ਕਿ ਉਸਨੇ ਇਸ ਸਾਲ ਵੀ 6 ਕਨਾਲ਼ਾਂ 'ਚ ਸਟਰਾਅ ਬੇਰੀ ਦੀ ਕਾਸ਼ਤ ਕੀਤੀ ਹੈ। ਉਸਨੇ ਦੱਸਿਆ ਕਿ ਉਹ ਸਟਰਾਅ ਬੇਰੀ ਦੀ ਮਾਰਕੀਟਿੰਗ ਵੀ ਖ਼ੁਦ ਕਰਦਾ ਹੈ ਅਤੇ ਦੂਸਰੀਆਂ ਫ਼ਸਲਾਂ ਦੇ ਮੁਕਾਬਲੇ ਉਸਨੂੰ ਇਸ ਫ਼ਸਲ ਵਿੱਚੋਂ ਵੱਧ ਆਮਦਨ ਹੋ ਰਹੀ ਹੈ। ਉਸਨੇ ਕਿਹਾ ਕਿ ਉਸਦੇ ਗ੍ਰਾਹਕ ਉਸ ਨਾਲ ਸਿੱਧਾ ਰਾਬਤਾ ਕਰਕੇ ਆਰਡਰ ਲਿਖਾ ਦਿੰਦੇ ਹਨ ਅਤੇ ਉਹ ਬਿਲਕੁਲ ਤਾਜ਼ੀ ਸਟਰਾਅ ਬੇਰੀ ਉਨ੍ਹਾਂ ਦੇ ਘਰ ਪਹੁੰਚਾ ਦਿੰਦਾ ਹੈ। ਅਜਿਹਾ ਕਰਨ ਨਾਲ ਉਸ ਨੂੰ ਬਜ਼ਾਰ ਨਾਲੋਂ ਵੱਧ ਰੇਟ ਮਿਲ ਜਾਂਦਾ ਹੈ।ਸਟਰਾਅ ਬੇਰੀ ਦੀ ਫ਼ਸਲ ਪੈਦਾ ਕਰਨਾ ਸਭ ਤੋਂ ਔਖਾ..... ਕਿਸਾਨ ਸ਼ੇਰੇ ਪੰਜਾਬ ਕਾਹਲੋਂ ਨੇ ਦੱਸਿਆ ਕਿ ਸਟਰਾਅ ਬੇਰੀ ਫਲ ਬਹੁਤ ਗੁਣਕਾਰੀ ਹੈ। ਉਸ ਨੇ ਦੱਸਿਆ ਕਿ ਸਟਰਾਅ ਬੇਰੀ ਦੀ ਬਿਜਾਈ ਅਕਤੂਬਰ ਮਹੀਨੇ ਚ ਕੀਤੀ ਜਾਂਦੀ ਹੈ ਅਤੇ ਇਹ ਫ਼ਸਲ ਪੱਕ ਕੇ ਫਰਵਰੀ ਮਹੀਨੇ 'ਚ ਤਿਆਰ ਹੁੰਦੀ ਹੈ। ਉਸ ਨੇ ਦੱਸਿਆ ਕਿ 20 ਫਰਵਰੀ ਤੋਂ ਬਾਅਦ ਇਸ ਦਾ ਮੰਡੀਕਰਨ ਕਰਨਾ ਸ਼ੁਰੂ ਹੋ ਜਾਂਦਾ ਹੈ। ਸ. ਕਾਹਲੋਂ ਨੇ ਦੱਸਿਆ ਕਿ ਸਟਰਾਬੇਰੀ ਦੀ ਫ਼ਸਲ ਦੀ ਕਾਸ਼ਤ ਬਹੁਤ ਔਖੀ ਹੈ ਅਤੇ ਇਸ ਨੂੰ ਭਾਰੀ ਠੰਢ ਅਤੇ ਮੀਂਹ ਤੋਂ ਬਚਾਉਣਾ ਪੈਂਦਾ ਹੈ। ਸਾਫ਼ ਮੌਸਮ ਇਸ ਲਈ ਬਹੁਤ ਲਾਹੇਵੰਦ ਹੈ। ਉਸਨੇ ਦੱਸਿਆ ਕਿ ਇਸ ਦੀ ਪਨੀਰੀ ਹਿਮਾਚਲ ਦੇ ਊਨਾ ਅਤੇ ਮਹਾਂਬਲੇਸਵਰ ਤੋਂ ਮਿਲਦੀ ਹੈ।ਪੰਛੀ ਬੁਲਬੁਲ ਪਹੁੰਚਾਉਂਦੀ ਹੈ ਨੁਕਸਾਨ...ਸੇਰੇ ਪੰਜਾਬ ਨੇ ਦੱਸਿਆ ਕਿ ਪੰਛੀ ਬੁਲਬੁਲ ਇਸ ਨੂੰ ਨੁਕਸਾਨ ਪਹੁੰਚਾਉਂਦਾ ਹੈ। ਉਸ ਨੇ ਦੱਸਿਆ ਕਿ ਸਟਰਾਅ ਬੇਰੀ ਦਾ ਫਲ ਪੱਕ ਕੇ ਤਿਆਰ ਹੁੰਦਾ ਹੈ ਤਾਂ ਇਸ ਉੱਤੇ ਬੁਲਬੁਲ ਪੰਛੀ ਨੁਕਸਾਨ ਕਰਨਾ ਸ਼ੁਰੂ ਕਰ ਦਿੰਦਾ ਹੈ। ਉਸ ਨੇ ਦੱਸਿਆ ਕਿ ਬੁਲਬੁਲ ਪੰਛੀ ਤੋਂ ਬਚਾਉਣ ਲਈ ਆਡੀਓ ਟੇਪ ਦਾ ਫੀਤਾ ਤੇ ਲਿਸ਼ਕਾਰੇ ਵਾਲੇ ਫੀਤੇ ਦੀ ਆਲੇ-ਦੁਆਲੇ ਵਾੜ ਕਰਨੀ ਪੈਂਦੀ ਹੈ।ਸੋਸ਼ਲ ਮੀਡੀਆ ਰਾਹੀਂ ਸ਼ੇਰੇ ਪੰਜਾਬ ਸਿੰਘ ਕਾਹਲੋਂ ਕਰਦਾ ਹੈ ਮੰਡੀਕਰਨ....ਕਿਸਾਨ ਸ਼ੇਰੇ ਪੰਜਾਬ ਨੇ ਦੱਸਿਆ ਕਿ ਉਹ ਸਟਰਾਅ ਬੇਰੀ ਦਾ ਮੰਡੀਕਰਨ ਸੋਸ਼ਲ ਮੀਡੀਆ ਦੇ ਜਰੀਏ ਕਰਦਾ ਹੈ। ਉਸ ਨੇ ਦੱਸਿਆ ਕਿ ਜਦ ਉਹ ਫ਼ਸਲ ਨੂੰ ਪਹਿਲਾਂ ਮੰਡੀ ਵੇਚਦਾ ਸੀ ਤਾਂ ਉਸਨੂੰ ਭਾਅ ਕੁਝ ਘੱਟ ਮਿਲਦਾ ਸੀ ਅਤੇ ਫਿਰ ਉਸਨੇ ਸੋਸ਼ਲ ਮੀਡੀਆ ਰਾਹੀਂ ਆਪਣੀ ਫ਼ਸਲ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਦੇਖਦੇ ਹੀ ਦੇਖਦੇ ਉਸਦੇ ਗਾਹਕ ਸਿੱਧੇ ਰੂਪ ਵਿੱਚ ਜੁੜਨੇ ਸ਼ੁਰੂ ਹੋ ਗਏ ਅਤੇ ਉਸ ਨੇ ਘਰੋ-ਘਰੀ ਸਿੱਧੀ ਸਪਲਾਈ ਸ਼ੁਰੂ ਕਰ ਦਿੱਤੀ ਅਤੇ ਉਸ ਦਾ ਮੁਨਾਫ਼ਾ ਦੁੱਗਣਾ ਹੋ ਗਿਆ। ਹੁਣ ਕਿਸਾਨ ਸ਼ੇਰੇ ਪੰਜਾਬ ਨੂੰ ਉਸਦੇ ਗਾਹਕ ਸਿੱਧਾ ਆਰਡਰ ਦਿੰਦੇ ਹਨ ਅਤੇ ਉਹ ਸਟਰਾਅ ਬੇਰੀ ਦੀ ਹੋਮ ਡਲਿਵਰੀ ਕਰ ਦਿੰਦਾ ਹੈ। ਸਟਰਾਅ ਬੇਰੀ ਦੇ ਆਰਡਰ ਦੇਣ ਲਈ ਸ਼ੇਰੇ ਪੰਜਾਬ ਸਿੰਘ ਕਾਹਲੋਂ ਦੇ ਮੋਬਾਈਲ ਨੰਬਰ 98882-98722 ਉੱਪਰ ਸੰਪਰਕ ਕੀਤਾ ਜਾ ਸਕਦਾ ਹੈ।ਕੀੜੀ ਅਤੇ ਫੰਗਿਸ ਤੋਂ ਬਚਾਉਣ ਲਈ ਖੱਟੀ ਲੱਸੀ ਤੇ ਨਿੰਮ ਦੀ ਕਰਦਾ ਹੈ ਸਪਰੇਅ....ਕਿਸਾਨ ਸ਼ੇਰੇ ਪੰਜਾਬ ਨੇ ਕਿਹਾ ਕਿ ਉਹ ਸਟਰਾਅ ਬੇਰੀ ਦੀ ਫ਼ਸਲ ਆਰਗੈਨਿਕ ਤਰੀਕੇ ਨਾਲ ਪੈਦਾ ਕਰਦਾ ਹੈ ਅਤੇ ਫਲ ਨੂੰ ਕੀੜੀ ਅਤੇ ਫੰਗੀਸ ਤੋਂ ਬਚਾਉਣ ਲਈ ਖੱਟੀ ਲੱਸੀ ਅਤੇ ਨਿੰਮ ਦਾ ਛਿੜਕਾਅ ਕਰਦਾ ਹੈ, ਇਸ ਤੋ ਇਲਾਵਾ ਉਹ ਦੇਸੀ ਖਾਦ ਦੀ ਵਰਤੋਂ ਕਰਦਾ ਹੈ।ਸ਼ੇਰੇ ਪੰਜਾਬ ਸਿੰਘ ਕਾਹਲੋਂ ਨੇ ਦੂਸਰੇ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਕਣਕ-ਝੋਨੇ ਦੇ ਫ਼ਸਲੀ ਚੱਕਰ ਵਿੱਚੋਂ ਨਿਕਲ ਕੇ ਹੋਰ ਫ਼ਸਲਾਂ ਦੀ ਬਿਜਾਈ ਕਰਨ। ਉਨ੍ਹਾਂ ਕਿਹਾ ਕਿ ਖੇਤੀ ਮਾਹਿਰਾਂ ਦੀ ਸਲਾਹ ਅਤੇ ਸਹੀ ਜਾਣਕਾਰੀ ਅਤੇ ਆਪਣੀ ਮਿਹਨਤ ਨਾਲ ਕਿਸਾਨ ਆਪਣੇ ਖੇਤਾਂ ਵਿੱਚ ਸਫਲਤਾ ਦੀ ਨਵੀਂ ਇਬਾਰਤ ਲਿਖ ਸਕਦੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

# ਈਰਾਨ ਉੱਤੇ ਅਮਰੀਕੀ ਹਮਲੇ ਖਿਲਾਫ ਬਠਿੰਡਾ ਵਿੱਚ ਰੋਸ ਮਾਰਚ

ਬਠਿੰਡਾ, 01 ਮਾਰਚ (ਗੁਰਜੰਟ ਸਿੰਘ ਨਥੇਹਾ)- ਅਮਰੀਕਾ ਅਤੇ ਇਜਰਾਇਲ ਵੱਲੋਂ ਈਰਾਨ ਉੱਤੇ ਕੀਤੇ ਧੱਕੜ ਹਮਲੇ ਖਿਲਾਫ ਅੱਜ ਲੋਕ ਮੋਰਚਾ ਪੰਜਾਬ ਅਤੇ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਬਠਿੰਡਾ ਸ਼ਹਿਰ ਅੰਦਰ ਵੱਡਾ ਰੋਸ ਮਾਰਚ ਕੀਤਾ ਗਿਆ ਅਤੇ ਇਸ ਜੰਗ ਦੇ ਖਿਲਾਫ ਜ਼ੋਰਦਾਰ ਆਵਾਜ਼ ਉਠਾਈ ਗਈ। ਇਸ ਪ੍ਰਦਰਸ਼ਨ ਤੋਂ ਪਹਿਲਾਂ ਟੀਚਰ ਹੋਮ ਬਠਿੰਡਾ ਵਿਖੇ ਇਕੱਤਰਤਾ ਕੀਤੀ ਗਈ ਜਿਹਦੇ ਵਿੱਚ ਵੱਖ-ਵੱਖ ਤਬਕਿਆਂ ਵੱਲੋਂ ਭਰਵੀਂ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਗਈ। ਇਕੱਤਰਤਾ ਨੂੰ ਸੰਬੋਧਨ ਕਰਦਿਆਂ ਲੋਕ ਮੋਰਚਾ ਪੰਜਾਬ ਦੇ ਸੂਬਾਈ ਸਕੱਤਰ ਜਗਮੇਲ ਸਿੰਘ ਅਤੇ ਇਨਕਲਾਬੀ ਕੇਂਦਰ ਪੰਜਾਬ ਦੇ ਸੂਬਾਈ ਆਗੂ ਮੁਖਤਿਆਰ ਪੂਹਲਾ ਨੇ ਕਿਹਾ ਕਿ ਇਰਾਨ ਅਮਰੀਕੀ ਧੌਂਸ ਮੰਨਣ ਤੋਂ ਨਾਬਰ ਹੈ ਅਤੇ ਇਸ ਕਰਕੇ ਇਹ ਅਮਰੀਕਾ ਨੂੰ ਮੱਧ ਪੂਰਬ ਅੰਦਰ ਆਪਣੀ ਸਾਮਰਾਜੀ ਲੁੱਟ ਦੀਆਂ ਸਕੀਮਾਂ ਵਿੱਚ ਵੱਡਾ ਅੜਿੱਕਾ ਜਾਪ ਰਿਹਾ ਹੈ। ਤੇਲ ਭੰਡਾਰਾਂ ਵਿੱਚ ਨਾਲ ਭਰਪੂਰ ਮੱਧ ਪੂਰਬ ਦੇ ਖੇਤਰ ਅੰਦਰ ਅਮਰੀਕਾ ਬੇਰੋਕ ਟੋਕ ਲੁੱਟ ਜਾਰੀ ਰੱਖਣਾ ਚਾਹੁੰਦਾ ਹੈ ਅਤੇ ਇਜਰਾਇਲ ਇਸ ਖੇਤਰ ਅੰਦਰ ਉਸਦਾ ਵੱਡਾ ਹੱਥ ਠੋਕਾ ਹੈ। ਈਰਾਨ ਦੀ ਖਮੇਨੀ ਹਕੂਮਤ ਉਹਨਾਂ ਚੁਨਿੰਦਾ ਹਕੂਮਤਾਂ ਵਿੱਚੋਂ ਸੀ ਜਿਸਨੇ ਆਪਣੇ ਦੇਸ਼ਾਂ ਅੰਦਰ ਅਮਰੀਕੀ ਧੌਂਸ ਮੰਨਣ ਤੋਂ ਇਨਕਾਰ ਕਰਨ ਦੀ ਦਲੇਰੀ ਦਿਖਾਈ ਹੈ। ਟਰੰਪ ਹਕੂਮਤ ਪਿਛਲੇ ਲੰਬੇ ਸਮੇਂ ਤੋਂ ਇਸ ਉੱਤੇ ਆਰਥਿਕ ਰੋਕਾਂ ਲਾਉਂਦੀ ਆ ਰਹੀ ਹੈ, ਪਰ ਇਹਨਾਂ ਆਰਥਿਕ ਪਾਬੰਦੀਆਂ ਦੇ ਬਾਵਜੂਦ ਇਰਾਨ ਡਟਿਆ ਰਿਹਾ ਹੈ।ਹੁਣ ਆਰਥਿਕ ਪਾਬੰਦੀਆਂ ਦਾ ਹਥਿਆਰ ਫੇਹਲ ਹੋ ਜਾਣ ਤੋਂ ਬਾਅਦ ਅਮਰੀਕਾ ਨੰਗੇ ਚਿੱਟੇ ਹਮਲੇ ਤੇ ਉੱਤਰ ਆਇਆ ਹੈ। ਪਿਛਲੇ ਸਾਲ ਵੀ ਅਮਰੀਕੀ ਅਤੇ ਇਜਰਾਇਲੀ ਹਾਕਮਾਂ ਨੇ ਈਰਾਨ 'ਤੇ ਹਮਲੇ ਕੀਤੇ ਸਨ ਪਰ ਉਹ ਇਸਦੇ ਬਾਵਜੂਦ ਖਮੇਨੀ ਹਕੂਮਤ ਨੂੰ ਝੁਕਾ ਨਹੀਂ ਸਕੇ ਸਨ। ਹੁਣ ਉਹਨਾਂ ਨੇ ਵੱਡੀ ਪੱਧਰ ਉੱਤੇ ਹਵਾਈ ਹਮਲਿਆਂ ਨਾਲ ਇਸਦੇ ਚੋਟੀ ਦੇ ਆਗੂਆਂ ਨੂੰ ਮਾਰ ਕੇ ਇਸ ਦੇਸ਼ ਅੰਦਰ ਅਮਰੀਕਾ ਪੱਖੀ ਸਰਕਾਰ ਖੜ੍ਹੀ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ।ਜੰਗਬਾਜ਼ ਅਮਰੀਕਾ ਅਤੇ ਇਜਰਾਇਲ ਨੇ ਇਸ ਹਮਲੇ ਰਾਹੀਂ ਨਿਰਦੋਸ਼ ਲੋਕਾਂ ਨੂੰ ਨਿਸ਼ਾਨਾ ਬਣਾਇਆ ਹੈ।ਰਾਹੀਂ ਇੱਕ ਸਕੂਲ 'ਤੇ ਹਮਲਾ ਕਰਕੇ 100 ਤੋਂ ਵਧੇਰੇ ਲੜਕੀਆਂ ਨੂੰ ਕਤਲ ਕੀਤਾ ਹੈ ਤੇ ਕੁਲ ਮਿਲਾ ਕੇ 200 ਤੋਂ ਵੱਧ ਇਰਾਨੀ ਮਾਰ ਸੁੱਟੇ ਹਨ। ਟਰੰਪ ਨੇ ਇਹ ਜੰਗ ਅੱਗੇ ਵੀ ਜਾਰੀ ਰੱਖਣ ਦਾ ਐਲਾਨ ਕੀਤਾ ਹੈ।ਇਹ ਹਮਲਾ ਸਾਰੇ ਕੌਮਾਂਤਰੀ ਕਾਨੂੰਨ ਲੰਘ ਕੇ ਅਤੇ ਸਾਰੀਆਂ ਕੌਮਾਂਤਰੀ ਸੰਸਥਾਵਾਂ ਨੂੰ ਦਰਕਿਨਾਰ ਕਰਕੇ ਕੀਤਾ ਗਿਆ ਹੈ। ਇਸ ਪ੍ਰਦਰਸ਼ਨ ਦੌਰਾਨ ਜਿੱਥੇ ਇਕੱਠ ਨੇ ਅਮਰੀਕੀ ਅਤੇ ਇਜਰਾਇਲੀ ਜੰਗਬਾਜ਼ ਹਾਕਮਾਂ ਦੇ ਖਿਲਾਫ ਆਵਾਜ਼ ਉਠਾਈ ਅਤੇ ਇਹ ਜੰਗ ਤੁਰੰਤ ਬੰਦ ਕਰਨ ਦੀ ਮੰਗ ਕੀਤੀ ਉੱਥੇ ਉਹਨਾਂ ਨੇ ਮੋਦੀ ਹਕੂਮਤ ਵੱਲੋਂ ਪਿਛਲੇ ਸਮੇਂ ਦੌਰਾਨ ਇਹਨਾਂ ਜੰਗਬਾਜ਼ ਹਕੂਮਤਾਂ ਨਾਲ ਗੂੜ੍ਹੀ ਕੀਤੀ ਗਈ ਜੋਟੀ ਦਾ ਵੀ ਵਿਰੋਧ ਕੀਤਾ ਅਤੇ ਅਮਰੀਕਾ ਤੇ ਇਜਰਾਈਲ ਨਾਲ ਕੀਤੇ ਸਾਰੇ ਸਮਝੌਤੇ ਸੰਧੀਆਂ ਰੱਦ ਕਰਨ ਦੀ ਮੰਗ ਕੀਤੀ। ਉਹਨਾਂ ਨੇ ਲੋਕਾਂ ਨੂੰ ਇਸ ਨਿਹੱਕੀ ਜੰਗ ਖਿਲਾਫ ਜੋਰਦਾਰ ਆਵਾਜ਼ ਉਠਾਉਣ ਲਈ ਅੱਗੇ ਆਉਣ ਦਾ ਸੱਦਾ ਦਿੱਤਾ। ਇਸ ਇਕੱਠ ਵੱਲੋਂ ਇਕ ਮਤੇ ਰਾਹੀਂ ਗੁਰਦਾਸਪੁਰ ਵਿੱਚ ਪੁਲਿਸ ਵੱਲੋਂ ਨੌਜਵਾਨ ਦੇ ਕੀਤੇ ਗਏ ਪੁਲਿਸ ਮੁਕਾਬਲੇ ਦੀ ਉੱਚ ਪੱਧਰੀ ਜਾਂਚ ਦੀ, ਪੁਲਿਸ ਨੂੰ ਦਿੱਤੇ ਜਾਬਰ ਅਧਿਕਾਰ ਖਤਮ ਕਰਨ ਦੀ ਅਤੇ ਦੋਸ਼ੀ ਪੁਲਿਸ ਅਫਸਰਾਂ ਨੂੰ ਸਖਤ ਸਜਾਵਾਂ ਦੇਣ ਦੀ ਵੀ ਮੰਗ ਕੀਤੀ ਗਈ।




ਆਵਾਜ਼ਿ ਕੌਮ AWAZE QAUM International Newspaper & WEB TV

# ਪੰਜਾਬ ਦੇ ਉਦਯੋਗ ਮੰਤਰੀ ਨੇ ਦਿੱਲੀ ਐਨਸੀਆਰ ਦੇ ਉਦਯੋਗਪਤੀਆਂ ਨੂੰ ਪੰਜਾਬ ਨਿਵੇਸ਼ਕ ਸੰਮੇਲਨ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ




**ਨਵੀਂ ਦਿੱਲੀ 1 ਮਾਰਚ (ਮਨਪ੍ਰੀਤ ਸਿੰਘ ਖਾਲਸਾ)**:-ਵਰਲਡ ਪੰਜਾਬੀ ਆਰਗੇਨਾਈਜੇਸ਼ਨ (ਡਬਲਯੂਪੀਓ) ਨੇ ਕੱਲ੍ਹ ਸ਼ਾਮ ਪੰਜਾਬ ਸਰਕਾਰ ਦੇ ਉਦਯੋਗ ਮੰਤਰੀ ਸ਼੍ਰੀ ਸੰਜੀਵ ਅਰੋੜਾ ਦੇ ਸਨਮਾਨ ਵਿੱਚ 'ਦ ਓਬਰਾਏ ਵਿਖੇ ਇੱਕ ਵਿਸ਼ੇਸ਼ ਸਨਮਾਨ ਡਿਨਰ ਦਾ ਆਯੋਜਨ ਕੀਤਾ। ਇਸ ਮੌਕੇ ਸ੍ਰੀ ਅਰੋੜਾ ਨੇ ਦਿੱਲੀ, ਗੁਰੂਗ੍ਰਾਮ ਅਤੇ ਫਰੀਦਾਬਾਦ ਦੇ ਪ੍ਰਮੁੱਖ ਉਦਯੋਗਪਤੀਆਂ ਅਤੇ ਉੱਦਮੀਆਂ ਨੂੰ 13-15 ਮਾਰਚ ਨੂੰ ਮੋਹਾਲੀ ਵਿਖੇ ਹੋਣ ਵਾਲੇ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ। ਇਸ ਸਮਾਗਮ ਵਿੱਚ ਪੰਜਾਬ ਦੇ ਵਿੱਤ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਅਤੇ ਸਿੱਖਿਆ ਮੰਤਰੀ ਸਰਦਾਰ ਹਰਜੋਤ ਸਿੰਘ ਬੈਂਸ ਵੀ ਮੌਜੂਦ ਰਹੇ। ਇਸ ਸਮਾਗਮ ਵਿੱਚ ਪ੍ਰਮੁੱਖ ਉਦਯੋਗਪਤੀਆਂ, ਉੱਦਮੀਆਂ, ਬਿਲਡਰਾਂ, ਡਿਵੈਲਪਰਾਂ, ਪ੍ਰਾਹੁਣਚਾਰੀ ਖੇਤਰ ਦੇ ਪ੍ਰਤੀਨਿਧੀਆਂ ਅਤੇ ਡਬਲਯੂਪੀਓ ਦੇ ਵਿਸ਼ੇਸ਼ ਮੈਂਬਰਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਆਪਣੇ ਸੰਬੋਧਨ ਵਿੱਚ, ਡਬਲਯੂਪੀਓ ਇੰਟਰਨੈਸ਼ਨਲ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਸ੍ਰੀ ਸੰਜੀਵ ਅਰੋੜਾ ਦੀ ਦੂਰਦਰਸ਼ੀ ਅਗਵਾਈ ਅਤੇ ਪੰਜਾਬ ਦੇ ਉਦਯੋਗਿਕ ਅਤੇ ਨਿਵੇਸ਼ ਦ੍ਰਿਸ਼ ਨੂੰ ਹੁਲਾਰਾ ਦੇਣ ਲਈ ਉਨ੍ਹਾਂ ਦੇ ਨਿਰੰਤਰ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸਰਦਾਰ ਹਰਪਾਲ ਸਿੰਘ ਚੀਮਾ ਅਤੇ ਸਰਦਾਰ ਹਰਜੋਤ ਸਿੰਘ ਬੈਂਸ ਦੀ ਵਿੱਤੀ ਸ਼ਾਸਨ, ਸਿੱਖਿਆ ਅਤੇ ਹੁਨਰ ਵਿਕਾਸ ਨੂੰ ਮਜ਼ਬੂਤ ਕਰਨ ਵਿੱਚ ਸਰਗਰਮ ਭੂਮਿਕਾ ਲਈ ਪ੍ਰਸ਼ੰਸਾ ਵੀ ਕੀਤੀ, ਜੋ ਕਿ ਟਿਕਾਊ ਉਦਯੋਗਿਕ ਵਿਕਾਸ ਦੇ ਮੁੱਖ ਥੰਮ ਹਨ। ਡਾ. ਸਾਹਨੀ ਨੇ ਸੂਬਾ ਸਰਕਾਰ ਦੀਆਂ ਪ੍ਰਗਤੀਸ਼ੀਲ ਨੀਤੀਆਂ, ਨਿਵੇਸ਼ਕ-ਅਨੁਕੂਲ ਵਾਤਾਵਰਣ ਅਤੇ ਵਿਸ਼ਵ ਭਾਈਵਾਲੀ 'ਤੇ ਨਵੇਂ ਸਿਰੇ ਤੋਂ ਧਿਆਨ ਕੇਂਦਰਿਤ ਕਰਦੇ ਹੋਏ ਵਿਸ਼ਵਾਸ ਪ੍ਰਗਟ ਕੀਤਾ ਕਿ ਪੰਜਾਬ ਘਰੇਲੂ ਅਤੇ ਅੰਤਰਰਾਸ਼ਟਰੀ ਨਿਵੇਸ਼ ਲਈ ਇੱਕ ਮੋਹਰੀ ਸਥਾਨ ਵਜੋਂ ਉਭਰਨ ਲਈ ਤਿਆਰ ਹੈ। ਆਪਣੇ ਸੰਬੋਧਨ ਵਿੱਚ, ਸ਼੍ਰੀ ਸੰਜੀਵ ਅਰੋੜਾ ਨੇ ਡਾ. ਵਿਕਰਮਜੀਤ ਸਿੰਘ ਸਾਹਨੀ ਅਤੇ ਵਿਸ਼ਵ ਪੰਜਾਬੀ ਸੰਗਠਨ ਦਾ ਦਿਲੋਂ ਧੰਨਵਾਦ ਕੀਤਾ ਅਤੇ ਪੰਜਾਬ ਦੀ ਉਦਯੋਗਿਕ ਪੁਨਰ ਸੁਰਜੀਤੀ ਨੂੰ ਉਤਸ਼ਾਹਿਤ ਕਰਨ ਵਿੱਚ ਉਨ੍ਹਾਂ ਦੀ ਨਿਰੰਤਰ ਹਮਾਇਤ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪ੍ਰਗਤੀਸ਼ੀਲ ਨੀਤੀਆਂ, ਮਜ਼ਬੂਤ ਬੁਨਿਆਦੀ ਢਾਂਚੇ ਅਤੇ ਸਮਰਪਿਤ ਨਿਵੇਸ਼ਕ ਸਹੂਲਤ ਨਾਲ, ਪੰਜਾਬ ਉਦਯੋਗਿਕ ਵਿਸਥਾਰ ਦੇ ਇੱਕ ਨਵੇਂ ਪੜਾਅ ਵਿੱਚ ਦਾਖਲ ਹੋ ਰਿਹਾ ਹੈ ਅਤੇ ਉਹਨਾ ਨੇ ਉਦਯੋਗ ਨੂੰ ਨਵੀਨਤਾ, ਨਿਰਮਾਣ ਵਿਕਾਸ ਅਤੇ ਰੁਜ਼ਗਾਰ ਸਿਰਜਣ ਨੂੰ ਅੱਗੇ ਵਧਾਉਣ ਲਈ ਰਾਜ ਨਾਲ ਭਾਈਵਾਲੀ ਕਰਨ ਦਾ ਸੱਦਾ ਦਿੱਤਾ। ਰਾਤ ਦੇ ਖਾਣੇ ਵਿੱਚ ਮੌਜੂਦ ਪ੍ਰਮੁੱਖ ਪਤਵੰਤਿਆਂ ਵਿੱਚ ਕਮਲ ਓਸਵਾਲ, ਦਲਜੀਤ ਸਿੰਘ, ਤਰਲੋਚਨ ਸਿੰਘ, ਐਸ.ਐਸ. ਕੋਹਲੀ, ਐਚ.ਐਸ. ਫੂਲਕਾ, ਐਸ.ਬਲ (ਜੇ.ਐਲ.ਐਲ.), ਐਚ.ਐਸ. ਨਾਗ, ਸੋਨੀਆ ਮਾਨ, ਸਤਿੰਦਰ ਬੰਗਾ, ਭੁਪਿੰਦਰ ਸਿੰਘ ਕੋਛੜ, ਐਚ.ਐਸ. ਸਲੂਜਾ, ਮਨਜੀਤ ਸਿੰਘ ਤੇ ਹੋਰ ਸ਼ਾਮਿਲ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਯਾਦਵਿੰਦਰਾ ਸਾਇੰਸਜ਼ ਵਿਭਾਗ ਨੂੰ ਰਾਸ਼ਟਰੀ ਅਧਿਆਪਕ ਸਿੱਖਿਆ ਪ੍ਰੀਸ਼ਦ ਵੱਲੋਂ ਬੀ.ਐਸ.ਸੀ, ਬੀ.ਐਡ ਵਰਗੇ ਪੇਸ਼ੇਵਰ ਕੋਰਸ ਦੀ ਪ੍ਰਵਾਨਗੀ, ਨਵੇਂ ਸੈਸ਼ਨ ਲਈ ਦਾਖਲਾ ਪ੍ਰਕਿਰਿਆ ਦਾ ਐਲਾਨ



**ਤਲਵੰਡੀ ਸਾਬੋ, 01 ਮਾਰਚ (ਗੁਰਜੰਟ ਸਿੰਘ ਨਥੇਹਾ)**- ਰਾਸ਼ਟਰੀ ਅਧਿਆਪਕ ਸਿੱਖਿਆ ਪ੍ਰੀਸ਼ਦ ਭਾਰਤ ਸਰਕਾਰ ਦੀ ਇੱਕ ਵਿਧਾਨਕ ਸੰਸਥਾ ਹੈ ਜਿਸਦਾ ਉਦੇਸ਼ ਦੇਸ਼ ਭਰ ਵਿੱਚ ਅਧਿਆਪਕ ਸਿੱਖਿਆ ਦੇ ਯੋਜਨਾਬੱਧ ਅਤੇ ਤਾਲਮੇਲ ਵਾਲੇ ਵਿਕਾਸ ਨੂੰ ਪ੍ਰਾਪਤ ਕਰਨਾ ਅਤੇ ਸੰਬੰਧਤ ਨਿਯਮਾਂ ਤੇ ਮਿਆਰਾਂ ਨੂੰ ਨਿਰਧਾਰਿਤ ਕਰਨਾ ਹੈ। ਇਸ ਪ੍ਰੀਸ਼ਦ ਵੱਲ਼ੋਂ ਆਪਣੇ ਏਕੀਕ੍ਰਿਤ ਅਧਿਆਪਕ ਸਿੱਖਿਆ ਪ੍ਰੋਗਰਾਮ ਅਧੀਨ ਪੰਜਾਬੀ ਯੂਨੀਵਰਸਿਟੀ ਕੈਂਪਸ ਤਲਵੰਡੀ ਸਾਬੋ ਦੇ ਯਾਦਵਿੰਦਰਾ ਸਾਇੰਸਜ਼ ਵਿਭਾਗ ਨੂੰ ਸੈਸ਼ਨ 2026-27 ਤੋਂ ਇੱਕ 4 ਸਾਲਾ ਬੀ.ਐਸ.ਸੀ, ਬੀ.ਐਡ ਇੰਟੈਗਰੇਟਿਡ ਕੋਰਸ ਚਲਾਉਣ ਦੀ ਪ੍ਰਵਾਨਗੀ ਦਿੱਤੀ ਹੈ। ਕੈਂਪਸ ਡਾਇਰੈਕਟਰ ਪ੍ਰੋਫੈਸਰ (ਡਾ.) ਅਮਨਦੀਪ ਸਿੰਘ ਨੇ ਇਸ ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਵਿਭਾਗ ਨੂੰ ਵਧਾਈ ਦਿੰਦੇ ਆਖਿਆ ਕਿ ਆਸ ਪਾਸ ਦੇ ਇਲਾਕੇ ਤੋਂ ਸਕੂਲ ਅਧਿਆਪਨ ਕਿੱਤਾ ਅਪਨਾਉਣ ਦੇ ਚਾਹਵਾਨ ਵਿਦਿਆਰਥੀਆਂ ਅਤੇ ਮਾਪਿਆਂ ਲਈ ਇਹ ਕੋਰਸ ਬਹੁਤ ਹੀ ਲਾਹੇਵੰਦ ਸਾਬਤ ਹੋਏਗਾ। ਇਸ ਸਬੰਧੀ ਵਿਭਾਗ ਦੇ ਮੁਖੀ ਡਾ. ਪ੍ਰੀਤੀ ਬਾਂਸਲ ਵੱਲ਼ੋਂ ਪ੍ਰੈਸ ਦੇ ਨਾਮ ਜਾਰੀ ਪ੍ਰੈਸ ਨੋਟ ਰਾਹੀਂ ਦੱਸਿਆ ਗਿਆ ਕਿ ਯਾਦਵਿੰਦਰਾ ਸਾਇੰਸਜ਼ ਵਿਭਾਗ ਤਲਵੰਡੀ ਸਾਬੋ ਨੂੰ ਇਸ ਕੋਰਸ ਦੀਆਂ 50 ਸੀਟਾਂ ਦੀ ਪ੍ਰਵਾਨਗੀ ਮਿਲੀ ਹੈ। ਉਹਨਾਂ ਦੱਸਿਆ ਕਿ ਕੌਮੀ ਪੱਧਰ 'ਤੇ ਲਏ ਜਾਣ ਵਾਲੀ ਪ੍ਰੀਖਿਆ ਤੇ ਅਧਾਰਿਤ ਸੈਂਟਰਲ ਲੈਵਲ ਕੌਂਸਲਿੰਗ ਰਾਹੀਂ ਇਹ 50 ਸੀਟਾਂ ਭਰੀਆਂ ਜਾਣਗੀਆਂ। ਐੱਨ.ਟੀ.ਏ ਵੱਲੋ ਇਸ ਕੋਰਸ ਲਈ ਸੈਸ਼ਨ 2026-27 ਦਾਖਲਿਆਂ ਵਾਸਤੇ ਆਉਣ ਵਾਲੀ 17 ਅਪ੍ਰੈਲ ਨੂੰ ਪ੍ਰੀਖਿਆ ਲਈ ਜਾ ਰਹੀ ਹੈ ਜਿਸ ਲਈ ਵਿੱਦਿਅਕ ਯੋਗਤਾ 12ਵੀਂ ਕਲਾਸ ਹੈ ਅਤੇ ਚਾਹਵਾਨ ਵਿਦਿਆਰਥੀ ਐੱਨ.ਟੀ.ਏ ਦੀ ਵੈਬਸਾਈਟ 'ਤੇ ਜਾ ਕੇ ਆਖਰੀ ਮਿਤੀ 10 ਮਾਰਚ ਤੱਕ ਆਨਲਾਈਨ ਵਿਧੀ ਰਾਹੀਂ ਅਪਲਾਈ ਕਰ ਸਕਦੇ ਹਨ। ਉਹਨਾਂ ਆਸ ਪ੍ਰਗਟ ਕੀਤੀ ਕਿ ਇਲਾਕੇ ਦੇ ਸਕੂਲ ਅਧਿਆਪਕ ਇਸ ਕੋਰਸ ਦੀ ਉਪਲਬਧਤਾ ਜਾਣਕੇ ਵੱਧ ਤੋਂ ਵੱਧ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕਰ ਸਕਣਗੇ। ਇੱਥੇ ਦੱਸਣਾ ਬਣਦਾ ਹੈ ਕਿ ਰਾਸ਼ਟਰੀ ਅਧਿਆਪਕ ਸਿੱਖਿਆ ਪ੍ਰੀਸ਼ਦ ਨਾ ਸਿਰਫ਼ ਅਧਿਆਪਕਾਂ ਦੇ ਪੇਸ਼ੇਵਰ ਵਿਕਾਸ ਲਈ ਯਤਨਸ਼ੀਲ ਹੈ ਬਲਕਿ ਸਾਡੇ ਦੇਸ਼ ਵਿੱਚ ਗੁਣਵੱਤਾ ਵਾਲੇ ਅਧਿਆਪਕ ਸਿੱਖਿਆ ਦੇ ਟੀਚੇ ਨੂੰ ਪ੍ਰਾਪਤ ਕਰਨ ਦਾ ਵੀ ਉਦੇਸ਼ ਰੱਖਦੀ ਹੈ। ਨਵੀਂ ਸਿੱਖਿਆ ਪ੍ਰਣਾਲੀ 2020 ਅਧਿਆਪਕਾਂ ਦੀ ਭੂਮਿਕਾ ਵਿੱਚ ਇੱਕ ਪੈਰਾਡਾਈਮ ਤਬਦੀਲੀ ਦੀ ਕਲਪਨਾ ਕਰਦਾ ਹੈ ਜਿਸ ਵਿੱਚ ਸੇਵਾ ਤੋਂ ਪਹਿਲਾਂ ਅਧਿਆਪਕ ਸਿੱਖਿਆ ਅਤੇ ਸੇਵਾ ਦੌਰਾਨ ਅਧਿਆਪਕ ਸਮਰੱਥਾ ਨਿਰਮਾਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਂਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

**10ਵਾਂ ਪਰਮਿੰਦਰਜੀਤ ਯਾਦਗਾਰੀ ਐਵਾਰਡ ਸਮਾਗਮ ਗ਼ਜ਼ਲਗੋ ਗੁਰਦਿਆਲ ਰੋਸ਼ਨ ਦੀ ਝੋਲੀ**

# ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਅਤੇ ਇਪਸਾ ਆਸਟਰੇਲੀਆ ਵੱਲੋਂ ਵਿਸ਼ਾਲ ਕਵੀ ਦਰਬਾਰ





**ਚੌਕ ਮਹਿਤਾ, 1 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਅੱਜ ਇੱਥੇ ਦਸ਼ਮੇਸ਼ ਪਬਲਿਕ ਸੀ: ਸੈ: ਸਕੂਲ, ਬਾਬਾ ਬਕਾਲਾ ਸਾਹਿਬ ਵਿਖੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਨਾਲ ਜੁੜੀ ਚਰਚਿੱਤ ਸਾਹਿਤਕ ਸੰਸਥਾ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਇਪਸਾ ਆਸਟਰੇਲੀਆ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਨੂੰ ਸਮਰਪਿਤ ਇਕ ਸਾਹਿਤਕ ਸਮਾਗਮ, ਕਰਵਾਇਆ ਗਿਆ । ਇਸ ਮੌਕੇ ਸਮਾਗਮ ਵਿੱਚ ਪ੍ਰੋ: ਜਗਰੂਪ ਸਿੰਘ ਸੇਖੋਂ (ਸਾਬਕਾ ਮੁਖੀ ਰਾਜਨੀਤੀ ਸ਼ਾਸ਼ਤਰ ਵਿਭਾਗ ਜੀ.ਐਨ.ਡੀ. ਯੂਨੀਵਰਸਿਟੀ ਅੰਮ੍ਰਿਤਸਰ) ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ, ਜਦਕਿ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੀ: ਮੀਤ ਪ੍ਰਧਾਨ ਸ੍ਰੀ ਮੱਖਣ ਕੋਹਾੜ, ਮੀਤ ਪ੍ਰਧਾਨ ਸ਼ੇਲੰਦਿਰਜੀਤ ਸਿੰਘ ਰਾਜਨ, ਦਫਤਰ ਸਕੱਤਰ

ਦੀਪ ਦਵਿੰਦਰ ਸਿੰਘ, ਕਾਰਜਕਾਰੀ ਮੈਂਬਰ ਮਾ: ਮਨਜੀਤ ਸਿੰਘ ਵੱਸੀ, ਡਾ: ਗੋਪਾਲ ਸਿੰਘ ਬੁੱਟਰ (ਸਹਾਇਕ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ), ਗਿਆਨੀ ਸੰਤੋਖ ਸਿੰਘ ਆਸਟਰੇਲੀਆ, ਮਾ: ਆਇਆ ਸਿੰਘ ਕੈਨੇਡੀਅਨ, ਡਾ: ਲੇਖ ਰਾਜ ਪ੍ਰਧਾਨ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ, ਡਾ: ਗਗਨਦੀਪ (ਪ੍ਰਧਾਨ ਮਝੈਲਾਂ ਦੀ ਸੱਥ), ਕੀਰਤ ਪ੍ਰਤਾਪ ਸਿੰਘ ਪੰਨੂੰ (ਪ੍ਰਧਾਨ ਮਾਝਾ ਜਨਵਾਦੀ ਲੇਖਕ ਸਭਾ), ਕੁਲਵਿੰਦਰ ਸਿੰਘ ਗਾਖਲ (ਪ੍ਰਧਾਨ ਪੰਜਾਬ ਸਾਹਿਤਕ ਮੰਚ, ਜਲੰਧਰ), ਸਕੂਲ ਦੇ ਐਮ.ਡੀ. ਪ੍ਰਿੰ: ਕੁਲਬੀਰ ਸਿੰਘ ਮਾਨ, ਪ੍ਰਿੰਸੀਪਲ ਹਰਵਿੰਦਰ ਕੌਰ, ਸਭਾ ਦੇ ਸਰਪ੍ਰਸਤ ਪ੍ਰਿੰਸੀਪਲ ਰਘਬੀਰ ਸਿੰਘ ਸੋਹਲ, ਪ੍ਰਧਾਨ ਸੰਤੋਖ ਸਿੰਘ ਗੁਰਾਇਆ ਆਦਿ ਸ਼ੁਸ਼ੋਭਿਤ ਹੋਏ । ਸਭਾ ਵੱਲੋਂ ਐਤਕੀਂ 10ਵਾਂ ਪਰਮਿੰਦਰਜੀਤ ਯਾਦਗਾਰੀ ਐਵਾਰਡ-2026, ਪ੍ਰਸਿੱਧ ਗ਼ਜ਼ਲਗੋ ਗੁਰਦਿਆਲ ਰੌਸ਼ਨ ਨੂੰ ਦਿੱਤਾ ਗਿਆ, ਜਿਸ ਵਿੱਚ 21000 ਰੁ: ਦੀ ਨਗਦ ਰਾਸ਼ੀ, ਦੋਸ਼ਾਲਾ ਅਤੇ ਸਨਮਾਨ ਚਿੰਨ ਭੇਟ ਕੀਤਾ ਗਿਆ । ਇਸ ਮੌਕੇ ਮਾਂ ਬੋਲੀ ਨੂੰ ਸਮਰਪਿਤ ਹੋਏ ਕਵੀ ਦਰਬਾਰ ਵਿੱਚ ਹਰਕੰਵਲਜੀਤ ਸਾਹਿਲ, ਵਿਸ਼ਾਲ, ਬਖਤੌਰ ਧਾਲੀਵਾਲ, ਮੱਖਣ ਸਿੰਘ ਭੈਣੀਵਾਲਾ, ਅਮਰਪਾਲ ਸਿੰਘ ਖਹਿਰਾ, ਮੰਗਤ ਚੈਂਚਲ, ਸੀਤਲ ਸਿੰਘ ਗੁਨੋਪੁਰੀ, ਬੂਟਾ ਰਾਮ ਅਜ਼ਾਦ, ਕੁਲਦੀਪ ਸਿੰਘ ਘਾਂਗਲਾ, ਜਗਨ ਨਾਥ ਨਿਮਾਣਾ, ਸੋਨੂੰ ਸੁਲਤਾਨ, ਲਾਲੀ ਕਰਤਾਰਪੁਰੀ, ਓਮ ਪ੍ਰਕਾਸ਼ ਭਗਤ, ਸੁਲਤਾਨ ਭਾਰਤੀ, ਰਮੇਸ਼ ਜਾਨੂੰ, ਅਵਤਾਰ ਸਿੰਘ ਗੋਇੰਦਵਾਲ, ਗੁਲਜ਼ਾਰ ਸਿੰਘ ਖੈੜਾ, ਮੁਖਤਾਰ ਸਿੰਘ ਗਿੱਲ, ਜਗੀਰ ਸਿੰਘ ਸਫਰੀ, ਹਰਦਰਸ਼ਨ ਸਿੰਘ ਕਮਲ, ਨਿਸ਼ਾਨ ਸਿੰਘ, ਡਾ: ਦਲਜੀਤ ਸਿੰਘ, ਨਵਦੀਪ ਸਿੰਘ ਬਦੇਸ਼ਾ, ਸੁਖਦੇਵ ਸਿੰਘ ਗੰਡਵਾਂ, ਮੁਖਤਿਆਰ ਸਿੰਘ ਸ਼ਿਵਾਨ, ਕੁਲਦੀਪ ਸਿੰਘ ਰਤਨ, ਮਾ: ਅਮਰਦੀਪ ਸਿੰਘ, ਅਮਰਜੀਤ ਸਿੰਘ ਆਨੰਦਪੁਰੀ, ਸੁਖਮੀਤ ਸਿੰਘ, ਸੁਖਵੰਤ ਕੌਰ ਵੱਸੀ, ਜਤਿੰਦਰਪਾਲ ਕੌਰ ਭਿੰਡਰ, ਰਾਜਵਿੰਦਰ ਕੌਰ ਰਾਜ, ਸੁਰਿੰਦਰ ਖਿਲਚੀਆਂ, ਗੁਰਮੀਤ ਕੌਰ ਬੱਲ, ਹਰਵਿੰਦਰ ਕੌਰ ਬਾਠ, ਮੈਡਮ ਅਨੂਪਮਾ, ਸਿਮਰਨਜੀਤ ਕੌਰ ਮਾਹਲਾ, ਜਸਵਿੰਦਰ ਕੌਰ ਅੰਮ੍ਰਿਤਸਰ, ਸਤਿੰਦਰਜੀਤ ਕੌਰ ਅੰਮ੍ਰਿਤਸਰ, ਬਲਵਿੰਦਰ ਕੌਰ ਸਰਘੀ, ਸਿਮਰਨਪ੍ਰੀਤ ਕੌਰ, ਮਨਦੀਪ ਸਿੰਘ ਬੋਪਰਾਏ, ਅਕਾਸ਼ਦੀਪ ਸਿੰਘ, ਅਮਨਦੀਪ ਸਿੰਘ ਰੰਧਾਵਾ, ਲਖਵਿੰਦਰ ਸਿੰਘ ਮਾਨ, ਲਖਵਿੰਦਰ ਸਿੰਘ ਉੱਪਲ, ਬਲਵਿੰਦਰ ਸਿੰਘ ਅਠੌਲਾ, ਮਾ: ਮਨਜੀਤ ਸਿੰਘ ਕੰਬੋ, ਸੂਬੇਦਾਰ ਹਰਜੀਤ ਸਿੰਘ, ਸੂਬੇਦਾਰ ਹਰਜਿੰਦਰ ਸਿੰਘ ਨਿੱਝਰ, ਮੁਨੀਸ਼ ਰਿੰਕੂ, ਧਰਮ ਸਿੰਘ ਧਿਆਨਪੁਰ, ਅਜੀਤ ਸਠਿਆਲਵੀ, ਸਕੱਤਰ ਸਿੰਘ ਪੁਰੇਵਾਲ, ਅਜੈਬ ਸਿੰਘ ਬੋਦੇਵਾਲ ਆਦਿ ਨੇ ਕਾਵਿ ਰਚਾਨਵਾਂ ਪੇਸ਼ ਕੀਤੀਆਂ । ਇਸ ਮੌਕੇ ਸ੍ਰੀ ਮੰਗਤ ਚੈਂਚਲ ਦਾ ਗ਼ਜ਼ਲ ਸੰਗ੍ਰਹਿ "ਚੁੱਪ ਦਾ ਅਨੁਵਾਦ" ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਿਤ ਕੀਤਾ ਗਿਆ ਅਤੇ ਮਰਹੂਮ ਪ੍ਰਿੰਸੀਪਲ ਸਿੰਘ ਸੇਵਾ ਸਿੰਘ ਕੌੜਾ ਦੀ ਪੁਸਤਕ "ਵਿਸਰ ਰਹੇ ਪੰਜਾਬ ਅਖਾਣ" ਨੂੰ ਮੱਖਣ ਭੈਣੀਵਾਲਾ ਨੇ ਪ੍ਰਧਾਨਗੀ ਮੰਡਲ ਨੂੰ ਭੇਟ ਕੀਤੀ । ਮੰਚ ਸੰਚਾਲਨ ਦੇ ਫਰਜ਼ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲੰਦਿਰਜੀਤ ਸਿੰਘ ਰਾਜਨ ਨੇ ਬਾਖੂਬੀ ਨਿਭਾਏ । ਆਖਰ ਵਿੱਚ ਸਕੂਲ ਦੇ ਐਮ.ਡੀ. ਪ੍ਰਿੰ: ਕੁਲਬੀਰ ਸਿੰਘ ਮਾਨ, ਅਤੇ ਪ੍ਰਿੰਸੀਪਲ ਹਰਵਿੰਦਰ ਕੌਰ ਨੇ ਸਭ ਆਇਆਂ ਦਾ ਧੰਨਵਾਦ ਕੀਤਾ । ਸਭਾ ਵੱਲੋਂ ਪੁਜੀਆਂ ਸਖਸ਼ੀਅਤਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ ।

ਆਵਾਜ਼ਿ ਕੌਮ AWAZE QAUM International Newspaper & WEB TV

**ਪਿੰਡ ਵਾੜਾ ਭਾਈ ਕੇ ਵਿੱਚ ਮੁਫ਼ਤ ਦੰਦਾਂ ਦਾ ਜਾਂਚ ਕੈਂਪ**

# ਵੱਡੀ ਗਿਣਤੀ ਵਿੱਚ ਲੋਕਾਂ ਨੇ ਲਿਆ ਲਾਭ




**ਫਿਰੋਜ਼ਪੁਰ, 1 ਮਾਰਚ (ਮਨੋਹਰ ਲਾਲ)**-ਜੈਨੇਸਿਸ ਡੈਂਟਲ ਕਾਲਜ ਅਤੇ ਹਸਪਤਾਲ ਵੱਲੋਂ ਮੁੱਦਕੀ ਖੇਤਰ ਦੇ ਪਿੰਡ ਵਾੜਾ ਭਾਈ ਕੇ ਵਿੱਚ ਮੁਫ਼ਤ ਦੰਦਾਂ ਦਾ ਜਾਂਚ ਕੈਂਪ ਲਗਾਇਆ ਗਿਆ। ਇਸ ਸਮਾਜ ਸੇਵਾ ਮੁਹਿੰਮ ਦਾ ਮਕਸਦ ਪਿੰਡ ਵਾਸੀਆਂ ਨੂੰ ਦੰਦਾਂ ਅਤੇ ਮਸੂੜਿਆਂ ਦੀਆਂ ਬਿਮਾਰੀਆਂ ਬਾਰੇ ਜਾਗਰੂਕ ਕਰਨਾ ਅਤੇ ਸਮੇਂ ਸਿਰ ਇਲਾਜ ਲਈ ਪ੍ਰੇਰਿਤ ਕਰਨਾ ਸੀ। ਕੈਂਪ ਦੌਰਾਨ ਡਾ. ਸੁਕਿਰਤ ਕੌਰ ਅਤੇ ਡਾ. ਰਾਹੁਲ ਯਾਦਵ ਨੇ ਮਰੀਜ਼ਾਂ ਦੇ ਦੰਦਾਂ ਦੀ ਜਾਂਚ ਕਰਕੇ ਉਨ੍ਹਾਂ ਨੂੰ ਲੋੜੀਂਦੀ ਸਲਾਹ ਦਿੱਤੀ। ਡਾਕਟਰਾਂ ਨੇ ਦੱਸਿਆ ਕਿ ਦੰਦਾਂ ਦੀ ਨਿਯਮਿਤ ਸਫ਼ਾਈ, ਸੰਤੁਲਿਤ ਖੁਰਾਕ ਅਤੇ ਸਮੇਂ-ਸਮੇਂ ਤੇ ਜਾਂਚ ਕਰਵਾਉਣ ਨਾਲ ਕਈ ਗੰਭੀਰ ਸਮੱਸਿਆਵਾਂ ਤੋਂ ਬਚਿਆ ਜਾ ਸਕਦਾ ਹੈ। ਉਨ੍ਹਾਂ ਨੇ ਬੱਚਿਆਂ ਅਤੇ ਬਜ਼ੁਰਗਾਂ ਨੂੰ ਖ਼ਾਸ ਤੌਰ 'ਤੇ ਦੰਦਾਂ ਦੀ ਸੰਭਾਲ 'ਤੇ ਧਿਆਨ ਦੇਣ ਦੀ ਅਪੀਲ ਕੀਤੀ। ਇਸ ਮੌਕੇ ਕਾਲਜ ਦੇ ਪੀਆਰਓ ਰਣਜੀਤ ਸਿੰਘ ਅਤੇ ਮਨਜੀਤ ਸਿੰਘ ਨੇ ਇਲਾਕਾ ਵਾਸੀਆਂ ਨੂੰ ਟੂਥਪੇਸਟ ਅਤੇ ਬਰਸ਼ ਵੰਡੇ ਅਤੇ ਉਨ੍ਹਾਂ ਨੂੰ ਸਫ਼ਾਈ ਅਤੇ ਦੰਦਾਂ ਦੀ ਦੇਖਭਾਲ ਦੇ ਮਹੱਤਵ ਬਾਰੇ ਜਾਣਕਾਰੀ ਦਿੱਤੀ। ਪਿੰਡ ਵਾਸੀਆਂ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜੇਹੇ ਕੈਂਪ ਸਿਹਤ ਸੇਵਾਵਾਂ ਨੂੰ ਘਰ-ਘਰ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਕਾਲਜ ਪ੍ਰਬੰਧਕਾਂ ਨੇ ਭਵਿੱਖ ਵਿੱਚ ਵੀ ਵੱਖ-ਵੱਖ ਖੇਤਰਾਂ ਵਿੱਚ ਮੁਫ਼ਤ ਸਿਹਤ ਕੈਂਪ ਲਗਾ ਕੇ ਸਮਾਜ ਸੇਵਾ ਜਾਰੀ ਰੱਖਣ ਦਾ ਸੰਕਲਪ ਦੁਹਰਾਇਆ।

# ਰੈਲੀਆਂ, ਰਿਓੜੀਆਂ ਤੇ ਰੌਲਾ ਰੱਪਾ



ਹਾਲੇ ਪੰਜਾਬ ਵਿੱਚ ਅਗਲੇ ਸਾਲ 2027 ਨੂੰ ਫਰਵਰੀ ਮਾਰਚ ਵਿੱਚ ਵਿਧਾਨ ਸਭਾ ਦੀਆਂ ਵੋਟਾਂ ਪੈਣੀਆਂ ਹਨ, ਲੱਗਭਗ ਪੂਰਾ ਇੱਕ ਸਾਲ ਬਾਕੀ ਪਿਆ ਹੈ,ਪਰ ਲਗ ਇੰਝ ਰਿਹਾ ਹੈ ਕਿ ਵੋਟਾਂ ਜਿਵੇਂ ਇਸੇ ਹੀ ਹਫਤੇ ਵਿੱਚ ਪੈਣ ਵਾਲੀਆਂ ਹਨ, ਲੋਕਾਂ ਨੇ ਪੂਛ ਚੁਕੀ ਹੋਈ ਹੈ ਕਿ ਇਸ ਵਾਰੀ ਅਸੀਂ ਆਪਣੀ ਸਰਕਾਰ ਬਣਾਵਾਂਗੇ, ਕੋਈ ਕਹਿ ਰਿਹਾ ਹੈ ਕਿ ਅਸੀਂ ਬਣਾਵਾਂਗੇ, ਕਦੇ ਕਿਸੇ ਨੇ ਇਹ ਨਹੀਂ ਕਿਹਾ ਕਿ ਜੋ ਮਾਜੂਦਾ ਸਰਕਾਰ ਚਲ ਰਹੀ ਹੈ, ਉਸ ਨੂੰ ਤਾਂ ਪੂਰੇ ਪੰਜ ਸਾਲ ਹੋ ਜਾਣ ਦਿਉ, ਅਗਰ ਲੋਕਾਂ ਨੂੰ ਪੁਰਾਣੀ ਸਰਕਾਰ ਦਾ ਕੰਮ ਪਸੰਦ ਆਇਆ ਤੇ ਲੋਕਾਂ ਨੇ ਆਪੇ ਹੀ ਪੁਰਾਣੀ ਸਰਕਾਰ ਨੂੰ ਇੱਕ ਮੌਕਾ ਹੋਰ ਦੇ ਦੇਣਾ ਹੈ, ਅਗਰ ਉਹਨਾਂ ਦੇ ਕੰਮ ਪਸੰਦ ਨਾ ਆਏ, ਫਿਰ ਲੋਕਾਂ ਨੇ ਆਪੇ ਹੀ ਉਹਨਾਂ ਨੂੰ ਪਾਸੇ ਕਰ ਦੇਣਾ ਹੈ, ਇਥੇ ਕੋਈ ਧੱਕਾ ਥੋੜ੍ਹਾ ਹੈ ਕਿ ਉਹੀ ਮੁੱਖ ਮੰਤਰੀ ਰਹੂ, ਲੋਕ ਬਹੁਤ ਸਿਆਣੇ ਹਨ, ਜਿਹਨਾਂ ਨੇ ਆਪਣੇ ਆਪ ਹੀ ਫੈਸਲਾ ਸੁਣਾ ਦੇਣਾ ਹੈ, ਪਹਿਲਾਂ ਕਿਹੜੇ ਲੋਕ ਬਾਹਰੋਂ ਆਏ ਸੀ, ਕਿ ਉਹਨਾਂ ਨੇ ਆਕੇ ਪਲਟਾ ਮਾਰ ਦਿੱਤਾ ਸੀ, ਲੋਕ ਅੱਜਕਲ ਕੰਮ ਨੂੰ ਤਰਜ਼ੀਹ ਦਿੰਦੇ ਹਨ, ਹੁਣ ਪਹਿਲਾਂ ਵਾਲੀ ਗੱਲ ਨਹੀਂ ਰਹੀ ਕਿ ਸਾਡਾ ਬਾਪੂ ਇੰਝ ਕਰਦਾ ਰਿਹਾ ਹੈ ਹੁਣ ਮੈ ਵੀ ਇੰਝ ਹੀ ਕਰੂੰਗਾ, ਸਾਡੇ ਵੇਲੇ ਇੰਝ ਨਹੀਂ ਹੋਇਆ ਹੁਣ ਇੰਝ ਹੋ ਰਿਹਾ ਹੈ, ਅਸੀਂ ਆਹ ਕਰ ਦਿਆਂਗੇ ,ਅਸੀਂ ਉਹ ਕਰ ਦਿਆਂਗੇ, ਜਿਵੇਂ ਨਵਾਂ ਨਵਾਂ ਪ੍ਰੇਮੀ ਆਪਣੀ ਪਿਆਰੀ ਬੇਗਮ ਨੂੰ ਕਹਿੰਦਾ ਹੈ ਕਿ ਮੈ ਅਸਮਾਨ ਤੋਂ ਤਾਰੇ ਲਾਹ ਕੇ ਤੇਰੀ ਝੋਲੀ ਵਿੱਚ ਪਾ ਦਿਆਂਗਾ, ਮੈ ਪਹਾੜ ਚੀਰ ਕਿ ਤੇਰੇ ਲਈ ਨਹਿਰ ਬਣਵਾ ਦਿਆਂਗਾ, ਬਸ ਉਹ ਗੱਲਾਂ ਉਦੋਂ ਤਕ ਹੀ ਸੀਮਤ ਰਹਿੰਦੀਆਂ ਹਨ, ਜਦੋ ਤਕ ਚਾਰ ਲਾਵਾਂ ਜਾਂ ਸੱਤ ਫੇਰੇ ਨਹੀਂ ਹੋ ਜਾਂਦੇ, ਉਸ ਤੋਂ ਬਾਅਦ ਬਸ ਉਹੀ ਰੰਡੀ ਰੌਣਾ ਪੈ ਜਾਂਦਾ ਹੈ, ਜਿਹੜਾ ਪਹਿਲਾਂ ਸਾਰੀ ਦੁਨੀਆਂ ਦਾ ਚੱਲ ਰਿਹਾ ਹੁੰਦਾ ਹੈ, ਕੋਈ ਨਵੀ ਗੱਲ ਨਹੀਂ ਹੁੰਦੀ, ਹੁਣ ਤਾਂ ਪੰਜਾਬ ਵਿੱਚ ਇੰਝ ਵੇਖਣ ਨੂੰ ਮਿਲ ਰਿਹਾ ਹੈ, ਜਿਵੇ ਪਹਿਲਾਂ ਇਥੇ ਕਿਸੇ ਪਾਰਟੀ ਨੇ ਰਾਜ ਨਹੀਂ ਕੀਤਾ, ਬਸ ਇਸ ਵਾਰ ਅਸੀਂ ਨਵੇਂ ਸਿਰਿਉ ਇਥੇ ਆਪਣਾ ਰਾਜ ਸਥਾਪਤ ਕਰਨਾ ਚਾਹੁੰਦੇ ਹਾਂ, ਹਰ ਰੋਜ਼ ਕਈ ਕਈ ਰੈਲੀਆਂ ਹੋ ਰਹੀਆਂ ਹਨ, ਇੱਕ ਇੱਕ ਜਿਲ੍ਹੇ ਵਿੱਚ ਕਈ ਕਈ ਥਾਵਾਂ ਤੇ ਰੈਲੀਆਂ ਵੇਖਣ ਨੂੰ ਮਿਲ ਰਹੀਆਂ ਹਨ, ਹਰ ਇੱਕ ਪਾਰਟੀ ਆਪਣਾ ਅੱਡੀ ਚੋਟੀ ਦਾ ਜ਼ੋਰ ਲਾਕੇ ਹਜੂਮ ਇੱਕਠਾ ਕਰਦੀਆਂ ਹੋਈਆਂ ਨਜ਼ਰ ਆ ਰਹੀਆਂ ਹਨ, ਪਿੰਡਾਂ ਵਿੱਚ ਲੋਕਾਂ ਨੂੰ ਪਹਿਲਾਂ ਹੀ ਬੁੱਕ ਕੀਤਾ ਜਾ ਰਿਹਾ ਹੈ, ਕਿ ਭਾਈ ਤੂੰ ਸਾਡੇ ਨਾਲ ਫਲਾਣੀ ਥਾਂ ਤੇ ਰੈਲੀ ਵਿੱਚ ਜਾਣਾ ਹੈ, ਉਹ ਆਖਦਾ ਹੈ ਕਿ ਮੈਨੂੰ ਫਲਾਣਾ ਕਹਿ ਗਿਆ ਏ ਕਿ ਤੂੰ ਸਾਡੇ ਨਾਲ ਗੱਡੀ ਤੇ ਚਲੀ, ਬਹੁਤੇ ਲੋਕ ਤਾਂ ਭੰਬਲਭੂਸੇ ਵਿੱਚ ਫਸੇ ਪਏ ਨੇ, ਕੀ ਕਰੀਏ ਤੇ ਕੀ ਨਾ ਕਰੀਏ, ਕੋਈ ਰਿਸ਼ਤੇਦਾਰੀ ਦਾ ਪ੍ਰੈਸ਼ਰ ਪਾ ਦਿੰਦਾ ਹੈ,ਕੋਈ ਯਾਰੀ ਦੋਸਤੀ ਦਾ, ਚੋਣ ਮੈਨੀਫੈਸਟੋ ਦੇ ਅੱਖਰ ਪੜ੍ਹ ਪੜ੍ਹ ਕੇ ਲੋਕ ਐਵੇ ਹੀ ਖ਼ੁਸ਼ ਹੋਈ ਜਾਂਦੇ ਹਨ, ਇਸ ਵਾਰ ਨਵੀ ਸਰਕਾਰ ਬਹੁਤ ਕੁੱਝ ਕਰ ਕੇ ਵਿਖਾਵੇਗੀ, ਲੀਡਰ ਤਾਂ ਜੂਆ ਖੇਡਦੇ ਨੇ ਜੇ ਜਿੱਤ ਗਏ ਤਾਂ ਪੌ ਬਾਰਾਂ ਜੇ ਹਾਰ ਗਏ ਤੇ ਫਿਰ ਅਗਲੀ ਵਾਰੀ ਸਹੀ, ਕਦੇ ਕਿਸੇ ਨੇ ਅੰਦਾਜ਼ਾ ਲਾ ਕੇ ਵੇਖਿਆ ਹੈ ਕਿ ਜਿਹਨਾਂ ਨਾਲ ਅਸੀਂ ਧੂੜ ਫਕਦੇ ਫਿਰਦੇ ਹਾਂ, ਜਿੱਤਣ ਤੋਂ ਬਾਅਦ ਉਹਨਾਂ ਕਦੇ ਕਿਸੇ ਦੀ ਸਾਰ ਲਈ ਹੋਵੇ, ਜਿੱਤਣ ਤੋਂ ਬਾਅਦ ਇੱਕ ਲੰਡਾ ਜਿਹਾ ਪੀਏ ਬਣ ਜਾਂਦਾ ਹੈ, ਉਹ ਹੀ ਫੋਨ ਤੇ ਕਹਿ ਜਾਂਦਾ ਹੈ ਜਨਾਬ ਅਜੇ ਬੀਜ਼ੀ ਨੇ, ਜਨਾਬ ਪਾਠ ਕਰ ਰਹੇ ਨੇ ਭਾਵੇਂ ਉੱਠ ਕੇ ਮੂੰਹ ਵੀ ਨਾ ਧੋਂਦਾ ਹੋਵੇ, ਪਤਾ ਨਹੀਂ ਫਿਰ ਅਸੀਂ ਲੋਕ ਇਹਨਾਂ ਦੇ ਕਲਾਵੇ ਵਿੱਚ ਕਿਵੇਂ ਆ ਜਾਂਦੇ ਹਾਂ, ਇੱਕ ਪਾਸੇ ਸਾਡੀ ਸਭ ਤੋਂ ਉੱਚੀ ਅਦਾਲਤ ਮਾਨਯੋਗ ਸੁਪਰੀਮ ਕੋਰਟ ਕਹਿ ਰਹੀ ਹੈ, ਕਿ ਲੋਕਾਂ ਨੂੰ ਮੁਫ਼ਤ ਦੀਆਂ ਰਿਓੜੀਆਂ ਨਾ ਵੰਡੋ, ਸਗੋਂ ਇਹਨਾਂ ਵਿੱਚ ਕੰਮ ਕਰਨ ਦੀ ਸਕਿੱਲ ਪੈਦਾ ਕਰੋ, ਰੋਜ਼ਗਾਰ ਤੇ ਲਾਓ ਹੱਥੀਂ ਮਿਹਨਤ ਕਰਨ ਦੀ ਆਦਤ ਪਾਉ ਪਰ ਨਹੀਂ ਫਰੀ ਵਿੱਚ ਖੰਡ ,ਘਿਉ ,ਨਮਕ ,ਦਾਲ ,ਆਟਾ ,ਚਾਵਲ ,ਸਬਜ਼ੀ ਲਈ ਆਲੂ ਮਿਰਚ ਮਸਾਲਾ ਪਤਾ ਨਹੀਂ ਹੋਰ ਕਿਹੜੀਆਂ ਕਿਹੜੀਆਂ ਚੀਜ਼ਾਂ ਦੇ ਲਾਰੇ ਲਾਏ ਜਾ ਰਹੇ ਹਨ, ਲੋਕ ਬੜੇ ਖੁਸ਼ ਹੋ ਰਹੇ ਨੇ ਵੋਟਾਂ ਦੇ ਨਾਂਅ ਉਤੇ, ਵਿੱਚੋ ਵਿੱਚੋ ਇਹ ਵੀ ਬੋਲਦੇ ਹਨ, ਕਿ ਵੋਟ ਤਾਂ ਅਸੀਂ ਆਪਣੀ ਮਰਜ਼ੀ ਨਾਲ ਹੀ ਪਾਉਣੀ ਹੈ, ਪਰ ਝੁੱਟੇ ਤਾਂ ਫਰੀ ਦੇ ਪਏ ਮਿਲਦੇ ਨੇ ਉਹ ਤਾਂ ਲੈ ਲਈਏ, ਹੁਣ ਥਾਂ ਥਾਂ ਤੇ ਇਹ ਰੌਲਾ ਰੱਪਾ ਪਿਆ ਹੋਇਆ ਹੈ, ਵੱਡੇ ਵੱਡੇ ਸਪੀਕਰ ਲਾ ਕੇ ਬੋਲ ਰਹੇ ਹਨ ਕਿ ਬਚੋ ਬਚੋ ਤੁਹਾਣੀ ਫਲਾਣੀ ਪਾਰਟੀ ਨੇ ਵੇਚ ਦੇਣਾ ਹੈ, ਸਾਡੇ ਵਲ ਆਉ ਆਉ ਅਸੀਂ ਤੁਹਾਨੂੰ ਵਿਕਣ ਨਹੀਂ ਦਿਆਂਗੇ ਰੱਬ ਜਾਣੇ ਇਹ ਰੌਲਾ ਹੋਰ ਕਿੰਨਾ ਚਿਰ ਚਲਦਾ ਰਹੇਂਗਾ, ਪਰ ਲੋਕਾਂ ਨੂੰ ਲੀਡਰਾਂ ਦੀਆਂ ਰੈਲੀਆਂ ,ਰਿਓੜੀਆਂ ਤੇ ਰੌਲੇ ਰੱਪੇ ਵਿੱਚ ਜ਼ਰੂਰ ਉਲਜ਼ਾ ਕੇ ਰੱਖ ਦਿੱਤਾ ਹੈ, ਲੋਕ ਕਦੋ ਇਹ ਸਮਝਣਗੇ ਕਿ ਸਾਡੀ ਵੋਟ ਦੀ ਤਾਕਤ ਨਾਲ ਇਹ ਲੀਡਰ ਗੱਦੀ ਉਤੇ ਬਿਰਾਜਮਾਨ ਹੁੰਦੇ ਨੇ, ਫਿਰ ਸਾਨੂੰ ਹੀ ਜ਼ਲੀਲ ਕਰਦੇ ਨੇ ਇਸ ਗੱਲ ਦਾ ਸਮੁਚੇ ਵੋਟਰ ਨੂੰ ਧਿਆਨ ਰੱਖਣ ਦੀ ਲੋੜ ਹੈ ਨਾ ਕਿ ਰਿਓੜੀਆਂ ਦੀ।

**-ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ 7589155501**

ਆਵਾਜ਼ਿ ਕੌਮ AWAZE QAUM International Newspaper & WEB TV

## ਸ਼੍ਰੋਮਣੀ ਅਕਾਲੀ ਦਲ (ਅ) ਵੱਲੋਂ ਹੋਲੇ ਮਹੱਲੇ ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਥਕ ਕਾਨਫਰੰਸ 03 ਨੂੰ : ਸ਼ੂਸ਼ਕ



ਫਿਰੋਜ਼ਪੁਰ 1 ਮਾਰਚ (ਮਨੋਹਰ ਲਾਲ): ਖਾਲਸਾ ਪੰਥ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਹੋਲੇ ਮਹੱਲੇ ਦੇ ਪਵਿੱਤਰ ਦਿਹਾੜੇ ਤੇ 03 ਮਾਰਚ ਨੂੰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਇੱਕ ਵਿਸ਼ਾਲ ਮੀਰੀ ਪੀਰੀ ਕਾਨਫਰੰਸ ਪਾਰਟੀ ਪ੍ਰਧਾਨ ਸਰਦਾਰ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਆਨੰਦਪੁਰ ਸਾਹਿਬ ਵਿਖੇ ਸਰੋਵਰ ਨੇੜੇ ਹੋਵੇਗੀ, ਜਿਸ ਵਿੱਚ ਪੰਥਕ ਏਕਤਾ ਅਤੇ ਖਾਲਿਸਤਾਨ ਦੀ ਪ੍ਰਾਪਤੀ ਲਈ ਗੰਭੀਰ ਵਿਚਾਰਾਂ ਹੋਣਗੀਆਂ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜਗਜੀਤ ਸਿੰਘ ਸ਼ੂਸ਼ਕ ਤਾਲਮੇਲ ਸਕੱਤਰ ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕੀਤਾ। ਇਸ ਸਮੇਂ ਉਨ੍ਹਾਂ ਕਿਹਾ ਕਿ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਵੱਲੋਂ ਅਰੰਭੇ ਸੰਘਰਸ਼ ਦੌਰਾਨ ਪੰਜਾਬ ਦੇ ਹੱਕਾਂ ਅਤੇ ਆਜ਼ਾਦੀ ਲਈ ਸਰਦਾਰ ਸਿਮਰਨਜੀਤ ਸਿੰਘ ਮਾਨ ਸਿੱਖ ਕੌਮ ਅਤੇ ਪੰਜਾਬੀਆਂ ਨੂੰ ਲਾਮਬੱਧ ਕਰਕੇ ਲਗਾਤਾਰ ਅੱਗੇ ਵਧ ਰਹੇ ਹਨ। ਇਸ ਸਮੇਂ ਜਗਜੀਤ ਸਿੰਘ ਸ਼ੂਸ਼ਕ ਨੇ ਕਿਹਾ ਕਿ ਸਰਦਾਰ ਸਿਮਰਨਜੀਤ ਸਿੰਘ ਮਾਨ ਦੇ ਵਿਚਾਰਾਂ ਨੂੰ ਸੁਣਨ ਲਈ ਸੰਗਤਾਂ ਵੱਡੀ ਪੱਧਰ ਤੇ ਕਾਨਫਰੰਸ ਵਿੱਚ ਸ਼ਮੂਲੀਅਤ ਕਰਨ।

ਆਵਾਜ਼ਿ ਕੌਮ AWAZE QAUM International Newspaper & WEB TV

## ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਹੁਨਰ ਵਿਕਾਸ ਵਰਕਸ਼ਾਪ ਦਾ ਆਯੋਜਨ ਕੀਤਾ

**ਹੁਸ਼ਿਆਰਪੁਰ, 01 ਮਾਰਚ (ਆਵਾਜ਼ਿ ਕੌਮ ਬਿਊਰੋ)**-ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਦੀ ਅਗਵਾਈ ਹੇਠ ਯੂਨੀਵਰਸਿਟੀ ਸਕੂਲ ਆਫ਼ ਫੈਸ਼ਨ, ਬਿਊਟੀ ਅਤੇ ਲਾਈਫਸਟਾਈਲ ਡਿਜ਼ਾਈਨ ਨੇ ਐਨਐਸਐਸ ਯੂਨਿਟ ਦੀ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜੱਲੋਵਾਲ ਵਿਖੇ ਇੱਕ ਹੁਨਰ ਵਿਕਾਸ ਵਰਕਸ਼ਾਪ ਦਾ ਆਯੋਜਨ ਕੀਤਾ। ਇਹ ਪ੍ਰੋਗਰਾਮ ਵਾਈਸ ਚਾਂਸਲਰ ਡਾ. ਚੰਦਰ ਮੋਹਨ ਦੀ ਅਗਵਾਈ ਅਤੇ ਯੂਨੀਵਰਸਿਟੀ ਸਕੂਲ ਆਫ਼ ਫੈਸ਼ਨ, ਬਿਊਟੀ ਅਤੇ ਲਾਈਫਸਟਾਈਲ ਡਿਜ਼ਾਈਨ ਦੇ ਮੁਖੀ ਚਰਨਪ੍ਰੀਤ ਸਿੰਘ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ ਸੀ। ਇਸ ਪ੍ਰੋਗਰਾਮ ਦਾ ਉਦੇਸ਼ ਸਕੂਲੀ ਵਿਦਿਆਰਥੀਆਂ ਵਿੱਚ ਰਚਨਾਤਮਕਤਾ, ਕਾਰੋਬਾਰੀ ਜਾਗਰੂਕਤਾ ਅਤੇ ਭਾਈਚਾਰਕ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨਾ ਸੀ। ਐਨਐਸਐਸ ਅਧਿਆਪਕ ਕੋਆਰਡੀਨੇਟਰ ਪੰਕਜ ਅਤੇ ਜਸਨੀਤ ਕੌਰ ਨੇ ਸਕੂਲ ਪ੍ਰਸ਼ਾਸਨ ਦੇ ਸਹਿਯੋਗ ਨਾਲ ਪ੍ਰੋਗਰਾਮ ਦਾ ਤਾਲਮੇਲ ਕੀਤਾ। ਯੂਨੀਵਰਸਿਟੀ ਦੇ ਐਨਐਸਐਸ ਵਲੰਟੀਅਰਾਂ ਅਤੇ ਵਿਦਿਆਰਥੀਆਂ ਲਈ ਇੱਕ ਵਿਹਾਰਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਵਰਕਸ਼ਾਪ ਨੇ ਵਿਦਿਆਰਥੀਆਂ ਨੂੰ ਹੱਥ ਪੇਂਟਿੰਗ, ਕਢਾਈ ਅਤੇ ਕਰੋਸ਼ੀਆ ਵਿੱਚ ਵਿਹਾਰਕ ਸਿਖਲਾਈ ਪ੍ਰਦਾਨ ਕੀਤੀ। ਇਹਨਾਂ ਸੈਸ਼ਨਾਂ ਨੇ ਰਚਨਾਤਮਕ ਪ੍ਰਗਟਾਵੇ ਦੇ ਮੌਕੇ ਪ੍ਰਦਾਨ ਕੀਤੇ ਅਤੇ ਉਹਨਾਂ ਨੂੰ ਸ਼ਿਲਪਕਾਰੀ-ਅਧਾਰਤ ਹੁਨਰ ਸਿਖਾਏ ਜੋ ਭਵਿੱਖ ਵਿੱਚ ਉਹਨਾਂ ਨੂੰ ਸਵੈ-ਨਿਰਭਰ ਬਣਨ ਵਿੱਚ ਮਦਦ ਕਰ ਸਕਦੇ ਹਨ। ਇਸ ਮੌਕੇ ਚਰਨਪ੍ਰੀਤ ਸਿੰਘ ਨੇ ਕਿਹਾ ਕਿ ਐਨਐਸਐਸ ਦੇ ਅਜਿਹੇ ਯਤਨ ਭਵਿੱਖ ਵਿੱਚ ਵੀ ਜਾਰੀ ਰਹਿਣਗੇ, ਤਾਂ ਜੋ ਭਾਈਚਾਰਕ ਸ਼ਮੂਲੀਅਤ, ਹੁਨਰ ਵਿਕਾਸ ਅਤੇ ਯੁਵਾ ਸਸ਼ਕਤੀਕਰਨ ਦੇ ਉਦੇਸ਼ਾਂ ਨੂੰ ਸਾਕਾਰ ਕੀਤਾ ਜਾ ਸਕੇ ਅਤੇ ਯੂਨੀਵਰਸਿਟੀ ਅਤੇ ਸਥਾਨਕ ਭਾਈਚਾਰੇ ਵਿਚਕਾਰ ਸਬੰਧ ਹੋਰ ਮਜ਼ਬੂਤ ਕੀਤੇ ਜਾ ਸਕਣ।

### ਪਿੰਡ ਜਗਾ ਰਾਮ ਤੀਰਥ ਵਿਖੇ ਮੇਲੇ ਮੌਕੇ ਕਰਵਾਇਆ ਪੰਜਵਾਂ ਕੁਸ਼ਤੀ ਦੰਗਲ

# ਖੇਡਾਂ ਹੀ ਨੌਜਵਾਨ ਪੀੜੀ ਨੂੰ ਨਸ਼ਿਆਂ ਤੋਂ ਬਚਾ ਸਕਦੀਆਂ ਹਨ- ਜੱਗਾ ਸਿੰਘ ਪ੍ਰਧਾਨ





ਤਲਵੰਡੀ ਸਾਬੋ, 01 ਮਾਰਚ (ਗੁਰਜੰਟ ਸਿੰਘ ਨਥੇਹਾ)-ਨੇੜਲੇ ਪਿੰਡ ਜਗਾ ਰਾਮ ਤੀਰਥ ਵਿਖੇ ਹਰ ਸਾਲ ਦੀ ਤਰ੍ਹਾਂ ਪੀਰ ਲੱਖ ਦਾਤਾ ਦੇ ਸਲਾਨਾ ਮੇਲੇ ਨੂੰ ਸਮਰਪਿਤ ਪੰਜਵਾਂ ਕੁਸ਼ਤੀ ਦੰਗਲ ਕਰਵਾਇਆ ਗਿਆ ਕੁਸ਼ਤੀ ਦੰਗਲ ਦੀ ਸ਼ੁਰੂਆਤ ਬਾਬਾ ਹਰਬੰਸ ਦਾਸ ਜੀ ਨੇ ਰਿਬਨ ਕੱਟ ਕੇ ਕੀਤੀ।ਫੱਕਰ ਕਮੇਟੀ ਅਤੇ ਚੜਦੀਕਲਾ ਵੈਲਫੇਅਰ ਕਲੱਬ ਵੱਲੋਂ ਕਰਵਾਏ ਮੇਲੇ ਵਿਚ ਵੱਖ-ਵੱਖ ਅਖਾੜਿਆਂ ਦੇ ਪਹਿਲਵਾਨਾਂ ਨੇ ਹਿੱਸਾ ਲਿਆ। ਇਸ ਮੱਲ ਅਖਾੜੇ ਵਿੱਚ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ ਜਿਸ ਵਿਚ ਕਾਂਗਰਸ ਪਾਰਟੀ ਦੇ ਕ੍ਰਿਸ਼ਨ ਸਿੰਘ ਭਾਗੀਵਾਂਦਰ ਅਤੇ ਖੁਸ਼ਬਾਜ ਸਿੰਘ ਜਟਾਣਾ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਰਵੀਪ੍ਰੀਤ ਸਿੰਘ ਸਿੱਧੂ ਵਿਸ਼ੇਸ਼ ਤੌਰ 'ਤੇ ਪਹੁੰਚੇ। ਚੜਦੀਕਲਾ ਵੈਲਫੇਅਰ ਕਲੱਬ ਦੇ ਪ੍ਰਧਾਨ ਜੱਗਾ ਸਿੰਘ ਸਿੱਧੂ ਨੇ ਨੌਜਵਾਨਾਂ ਨੂੰ ਖੇਡਾਂ ਵੱਲ ਧਿਆਨ ਦੇਣ ਦਾ ਕਿਹਾ ਤਾਂ ਕਿ ਨਸ਼ਿਆਂ ਤੋਂ ਖੇਡਾਂ ਹੀ ਬਚਾ ਸਕਦੀਆਂ ਹਨ। ਉਹਨਾਂ ਦੱਸਿਆ ਕਿ ਇਹਨਾਂ ਮੁਕਾਬਲਿਆਂ ਵਿੱਚ ਸੰਦੀਪ ਘੁੱਗੀ ਤਲਵੰਡੀ ਸਾਬੋ ਅਤੇ ਸੋਨੂ ਜੈਤਸਰ ਬਰਾਬਰ ਰਹੇ, ਦੂਜੇ ਪਾਸੇ ਕੈਲਸ਼ੀਅਮ ਫਿਰੋਜ਼ਪੁਰ ਜੇਤੂ ਬੋਬੀ ਖੰਨਾ ਤੇ ਲੱਖਾ ਧੰਘੇੜਾ, ਅਮਨ ਫੁੱਲੋਖਾਰੀ ਤੇ ਵਿਜੇ ਰਾਮਦਿੱਤਾ ਅਕਾਦਮੀ, ਸੋਨਾ ਸਿਰਸਾ ਅਤੇ ਬਲਜੀਤ ਸਮਾਣਾ ਲੱਡੂ ਚੀਮਾ ਅਤੇ ਜਬਰਾ ਫੁੱਲੋਖਾਰੀ ਬਰਾਬਰ ਰਹੇ। ਗਾਂਧੀ ਫੁੱਲੋਖਾਰੀ ਅਤੇ ਕਾਲਾ ਜੈਤਸਰ ਜੇਤੂ ਰਹੇ। ਇਨਾਂ ਜੇਤੂ ਪਹਿਲਵਾਨਾਂ ਨੂੰ ਕਮੇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਹੋਰਨਾਂ ਤੋਂ ਗੋਲੂ ਚੀਮਾ ਅਖਾੜਾ, ਸਹਿਬਾਜ ਕੋਚ ਜਰਨਲ ਸੈਕਟਰੀ, ਪੰਜਾਬ ਕੁਸ਼ਤੀ ਫੈਡਰੇਸ਼ਨ ਅਮਰੀਕ ਸਿੰਘ ਪਹਿਲਵਾਨ, ਤਲਵੰਡੀ ਬਾਬਾ ਜੋਰਾ ਸਿੰਘ, ਲੱਖਾ ਪਹਿਲਵਾਨ ਸਮਾਣਾ, ਭਿੰਦਾ ਸਿੰਘ ਦਿਲਪ੍ਰੀਤ ਜਗਾ, ਜਸਵਿੰਦਰ ਸਿੰਘ ਜੈਲਦਾਰ, ਕਾਲਾ ਸਿੰਘ ਸਰਪੰਚ, ਰੇਸ਼ਮ ਸਿੰਘ ਜੈਲਦਾਰ, ਬਿੱਟੂ ਸੰਧੂ, ਫਕਰ ਕਮੇਟੀ ਦੇ ਪ੍ਰਧਾਨ ਗੁਰਦੀਪ ਸਿੰਘ ਦੀਪਾ, ਅਵਤਾਰ ਸਿੰਘ ਗੱਗੂ, ਲਵਪ੍ਰੀਤ ਸਿੰਘ, ਜਗਸੀਰ ਸਿੰਘ, ਮਨਪ੍ਰੀਤ ਫੌਜੀ, ਸੰਦੀਪ ਕਾਲੇਕੇ, ਪਾਲਾ ਮੈਂਬਰ, ਬਲਦੇਵ ਸਿੰਘ ਡੀਪੀਈ, ਗੁਰਮੀਤ ਸਿੰਘ ਭਾਗ ਕਾ, ਪਰਵਿੰਦਰ ਸਿੰਘ, ਸੁਖਬੀਰ ਸਿੰਘ ਗੋਲੂ, ਗੁਰਦੀਪ ਸਿੰਘ, ਰਾਜੂ ਪ੍ਰਧਾਨ, ਰਾਜੂ ਬਾਵਾ, ਜਸਪਾਲ ਸੰਧੂ, ਗੁਰਪ੍ਰੀਤ ਸਰਪੰਚ, ਬਿੱਟੂ ਸਰਪੰਚ ਅਤੇ ਬੀਰਾ ਮੁਕੰਦ ਕਾ ਨੇ ਦੰਗਲ ਵਿੱਚ ਆਪਣੀਆਂ ਸੇਵਾਵਾਂ ਨਿਭਾਈਆਂ।



ਆਵਾਜ਼ਿ ਕੌਮ AWAZE QAUM International Newspaper & WEB TV

# ਰਿਟਾਇਰਡ ਟੀਚਰ ਅਤੇ ਹੋਰ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫਿਰੋਜ਼ਪੁਰ ਦੀ ਮੀਟਿੰਗ ਹੋਈ



**ਫਿਰੋਜ਼ਪੁਰ, 1 ਮਾਰਚ (ਮਨੋਹਰ ਲਾਲ)**-ਸਥਾਨਕ ਚੁੰਗੀਖਾਨਾ ਰੋਡ ਸਥਿਤ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ 'ਰਿਟਾਇਰਡ ਟੀਚਰ ਅਤੇ ਹੋਰ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫਿਰੋਜ਼ਪੁਰ' ਦੀ ਇਕ ਅਹਿਮ ਮੀਟਿੰਗ ਹੋਈ। ਇਸ ਮੀਟਿੰਗ ਦੀ ਪ੍ਰਧਾਨਗੀ ਨਛੱਤਰ ਸਿੰਘ ਅਤੇ ਜਨਰਲ ਸਕੱਤਰ ਰਮੇਸ਼ ਕੁਮਾਰ ਗਰੋਵਰ ਨੇ ਸਾਂਝੇ ਤੌਰ 'ਤੇ ਕੀਤੀ। ਮੀਟਿੰਗ ਦੌਰਾਨ ਪੈਨਸ਼ਨਰਾਂ ਨੇ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਨੀਤੀਆਂ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਸਰਕਾਰ ਦੇ ਅੜੀਅਲ ਵਤੀਰੇ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ। ਐਸੋਸੀਏਸ਼ਨ ਦੇ ਆਗੂਆਂ ਨੇ ਕਿ ਸਰਕਾਰ ਪੈਨਸ਼ਨਰਾਂ ਨਾਲ ਸਿਰਫ ਮੀਟਿੰਗਾਂ ਦੇ ਸਮੇਂ ਤੈਅ ਕਰਕੇ ਗੱਲਬਾਤ ਤੋਂ ਭੱਜ ਰਹੀ ਹੈ। ਉਨ੍ਹਾਂ ਕਿਹਾ ਕਿ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ, ਜਿਸ ਕਾਰਨ ਪੈਨਸ਼ਨਰਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਮੀਟਿੰਗ ਦੌਰਾਨ ਉਨ੍ਹਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਡੀਏ ਦੀ ਬਕਾਇਆ ਕਿਸ਼ਤ, ਪੈਨਸ਼ਨਰਾਂ ਦਾ ਰੁਕਿਆ ਹੋਇਆ 16 ਪ੍ਰਤੀਸ਼ਤ ਮਹਿੰਗਾਈ ਭੱਤਾ ਤੁਰੰਤ ਜਾਰੀ ਕੀਤਾ ਜਾਵੇ। ਪੈਨਸ਼ਨਰਾਂ ਲਈ 2.59 ਦਾ ਗੁਣਾਂਕ ਲਾਗੂ ਕੀਤਾ ਜਾਵੇ। 1 ਜਨਵਰੀ 2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਬਹਾਲੀ ਦਾ ਵਾਅਦਾ ਪੂਰਾ ਹੋਵੇ। 17 ਜੁਲਾਈ 2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਨੂੰ ਛੇਵੇਂ ਤਨਖਾਹ ਕਮਿਸ਼ਨ ਦੇ ਲਾਭ ਦਿੱਤੇ ਜਾਣ। ਵੱਧਦੀ ਮਹਿੰਗਾਈ ਨੂੰ ਦੇਖਦੇ ਹੋਏ ਮੈਡੀਕਲ ਭੱਤਾ ਵਧਾ ਕੇ 2000 ਰੁਪਏ ਮਹੀਨਾ ਕੀਤਾ ਜਾਵੇ। ਮੀਟਿੰਗ ਵਿਚ ਜਥੇਬੰਦੀ ਨੇ ਆਪਣੇ ਸਾਥੀਆਂ ਨਾਲ ਖੁਸ਼ੀ ਸਾਂਝੀ ਕਰਦਿਆਂ ਫਰਵਰੀ ਮਹੀਨੇ ਵਿਚ ਜਨਮ ਦਿਨ ਮਨਾਉਣ ਵਾਲੇ ਪੈਨਸ਼ਨਰਾਂ, ਜਿਨ੍ਹਾਂ ਵਿਚ ਬਨਾਰਸੀ ਦਾਸ ਸਚਦੇਵਾ ਅਤੇ ਰਮੇਸ਼ ਚੰਦਰ ਬਜਾਜ ਸ਼ਾਮਲ ਸਨ, ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਮ ਪਾਲ ਸਿੰਘ, ਬ੍ਰਿਜ ਭੂਸ਼ਨ ਧਵਨ, ਜੋਗਾ ਸਿੰਘ, ਰਾਜਿੰਦਰ ਗੁਪਤਾ, ਬਲਵਿੰਦਰਪਾਲ ਸ਼ਰਮਾ, ਬਚਿੱਤਰ ਸਿੰਘ ਅਤੇ ਯਸ਼ਪਾਲ ਸਮੇਤ ਵੱਡੀ ਗਿਣਤੀ ਵਿੱਚ ਪੈਨਸ਼ਨਰ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰਦੁਆਰਾ ਗੁਰੂ ਰਾਮ ਦਾਸ ਪੁਰੀ ਅਰਮਾਨਪੁਰਾ ਵਿਖੇ 22ਵਾਂ ਸਾਲਾਨਾ ਜਾਪ ਸਮਾਗਮ ਸ਼ਰਧਾਪੂਰਵਕ ਸੰਪੰਨ







ਫਿਰੋਜ਼ਪੁਰ 1 ਮਾਰਚ (ਮਨੋਹਰ ਲਾਲ): ਗੁਰਦੁਆਰਾ ਗੁਰੂ ਰਾਮ ਦਾਸ ਪੁਰੀ ਅਰਮਾਨਪੁਰਾ ਵਿਖੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ 22ਵਾਂ ਸਾਲਾਨਾ ਜਾਪ ਸਮਾਗਮ ਅੱਜ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਸੰਪੰਨ ਹੋਇਆ। ਸੰਤ ਬਾਬਾ ਭਗਤ ਮਿਲਖਾ ਸਿੰਘ ਨੇ ਦੱਸਿਆ ਕਿ ਸਰਬੱਤ ਦੇ ਭਲੇ ਦੀ ਅਰਦਾਸ ਨੂੰ ਸਮਰਪਿਤ ਇਹ ਸਮਾਗਮ ਪਿਛਲੇ ਕਈ ਦਿਨਾਂ ਤੋਂ ਨਿਰੰਤਰ ਜਾਰੀ ਸੀ, ਜਿਸ ਵਿਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰ ਕੇ ਗੁਰਬਾਣੀ ਦਾ ਆਨੰਦ ਮਾਣਿਆ। ਇਸ ਸਾਲਾਨਾ ਸਮਾਗਮ ਦੀ ਆਰੰਭਤਾ 19 ਫਰਵਰੀ 2026 (8 ਫੱਗਣ) ਦਿਨ ਵੀਰਵਾਰ ਨੂੰ ਅੰਮ੍ਰਿਤ ਵੇਲੇ 4 ਵਜੇ ਬੜੀ ਮਰਯਾਦਾ ਨਾਲ ਕੀਤੀ ਗਈ ਸੀ। ਦਸ ਦਿਨਾਂ ਤੋਂ ਵੱਧ ਸਮੇਂ ਤੱਕ ਚੱਲੇ ਇਸ ਜਾਪ ਸਮਾਗਮ ਵਿਚ ਰੋਜ਼ਾਨਾ ਵੱਖ-ਵੱਖ ਪੜਾਵਾਂ ਵਿਚ ਬਾਣੀ ਦੇ ਜਾਪ ਕੀਤੇ ਗਏ। ਅੱਜ 01 ਮਾਰਚ 2026 (18 ਫੱਗਣ) ਦਿਨ ਐਤਵਾਰ ਨੂੰ ਬਾਬਾ ਚਰਨ ਦਾਸ ਜੀ ਦੇ ਜਨਮ ਦਿਨ ਦੇ ਪਵਿੱਤਰ ਦਿਹਾੜੇ 'ਤੇ ਸਵੇਰੇ 8 ਵਜੇ ਇਸ ਜਾਪ ਦੀ ਸੰਪੂਰਨਤਾ ਹੋਈ। ਜਾਪ ਦੀ ਸਮਾਪਤੀ ਉਪਰੰਤ ਵਿਸ਼ੇਸ਼ ਕੀਰਤਨ ਦਰਬਾਰ ਸਜਾਇਆ ਗਿਆ, ਜਿਸ ਵਿਚ ਰਾਗੀ ਜੱਥਿਆਂ ਨੇ ਇਲਾਹੀ ਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਦੀ ਅੰਤਿਮ ਅਰਦਾਸ ਦੁਪਹਿਰ 12 ਵਜੇ ਕੀਤੀ ਗਈ, ਜਿਸ ਵਿਚ ਦੇਸ਼-ਕੌਮ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਲਈ ਜੋਦੜੀ ਕੀਤੀ ਗਈ। ਪ੍ਰਬੰਧਕਾਂ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਸਮਾਗਮ ਦੌਰਾਨ ਸੰਗਤਾਂ ਦੀ ਸਹੂਲਤ ਲਈ ਜਾਪ ਦੇ ਤਿੰਨ ਮੁੱਖ ਸਮੇਂ ਨਿਰਧਾਰਿਤ ਕੀਤੇ ਗਏ ਸਨ। ਉਨ੍ਹਾਂ ਦੱਸਿਆ ਕਿ ਸਵੇਰ ਦਾ ਸੈਸ਼ਨ ਜਾਪ ਸਵੇਰੇ 4.30 ਵਜੇ ਆਰੰਭ ਹੁੰਦਾ ਸੀ ਅਤੇ ਪਹਿਲੀ ਅਰਦਾਸ ਸਵੇਰੇ 8 ਵਜੇ ਹੁੰਦੀ ਸੀ। ਦੁਪਹਿਰ ਦਾ ਸੈਸ਼ਨ ਦੂਜਾ ਜਾਪ ਸਵੇਰੇ 9.30 ਵਜੇ ਸ਼ੁਰੂ ਹੋ ਕੇ ਦੁਪਹਿਰ 12.30 ਵਜੇ ਦੀ ਅਰਦਾਸ ਨਾਲ ਸਮਾਪਤ ਹੁੰਦਾ ਸੀ। ਸ਼ਾਮ ਦਾ ਸੈਸ਼ਨ ਤੀਜਾ ਜਾਪ ਸ਼ਾਮ 3.30 ਵਜੇ ਸ਼ੁਰੂ ਹੁੰਦਾ ਸੀ, ਜਿਸ ਦੀ ਅਰਦਾਸ ਰਾਤ 8.30 ਵਜੇ ਹੁੰਦੀ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

# ਅਨਿਲ ਬਾਗੀ ਹਸਪਤਾਲ ਦਾ ਏ.ਬੀ.ਐਚ.ਹੌਪ ਅਭਿਆਨ: ਤਰਾ ਵਾਲੀ, ਮਮਦੋਟ ਵਿੱਚ ਰੋਕਥਾਮੀ ਸਿਹਤ ਕੈਂਪ

ਫਿਰੋਜ਼ਪੁਰ 1 ਮਾਰਚ (ਮਨੋਹਰ ਲਾਲ):ਰਾਸ਼ਟਰੀ ਪੁਰਸਕਾਰ ਪ੍ਰਾਪਤ ਅਧਿਆਪਕ ਮਾਸਟਰ ਸ਼ਰਵਣ ਸਿੰਘ ਦੇ ਸਨਮਾਨਿਤ ਪਿੰਡ ਤਰਾ ਵਾਲੀ ਵਿੱਚ ਅੱਜ ਰੋਕਥਾਮੀ ਸਿਹਤ ਕੈਂਪ ਦਾ ਸਫਲ ਆਯੋਜਨ ਕੀਤਾ ਗਿਆ। ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਚੱਲੇ ਇਸ ਕੈਂਪ ਵਿੱਚ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਸਿਹਤ ਸੇਵਾਵਾਂ ਦਾ ਲਾਭ ਲਿਆ।ਇਹ ਆਯੋਜਨ "ਹਰ ਪਿੰਡ ਸਿਹਤ ਅਭਿਆਨ" ਅਤੇ "ਏ.ਬੀ.ਐਚ.ਹੌਪ" ਪਹਿਲ ਦੇ ਅਧੀਨ ਕੀਤਾ ਗਿਆ, ਜਿਸ ਦਾ ਮੁੱਖ ਉਦੇਸ਼ ਪਿੰਡਾਂ ਤੱਕ ਗੁਣਵੱਤਾਪੂਰਨ ਰੋਕਥਾਮੀ ਸਿਹਤ ਸੇਵਾਵਾਂ ਪਹੁੰਚਾਉਣਾ ਅਤੇ ਲੋਕਾਂ ਨੂੰ ਸਮੇਂ ਸਿਰ ਜਾਂਚ ਅਤੇ ਇਲਾਜ ਲਈ ਜਾਗਰੂਕ ਕਰਨਾ ਹੈ।ਕੈਂਪ ਦਾ ਸ਼ੁਭਾਰੰਭ ਅਨਿਲ ਬਾਗੀ ਹਸਪਤਾਲ ਦੇ ਡਾਇਰੈਕਟਰ ਡਾ. ਕਮਲ ਬਾਗੀ ਅਤੇ ਡਾ. ਵੈਸ਼ਾਲੀ ਬਾਗੀ ਵੱਲੋਂ ਕੀਤਾ ਗਿਆ। ਦੋਵੇਂ ਵਿਸ਼ੇਸ਼ਗਿਆਨਾਂ ਨੇ ਆਪਣੇ ਹੱਥੀਂ ਮਰੀਜ਼ਾਂ ਦੀ ਜਾਂਚ ਕਰਕੇ ਉਨ੍ਹਾਂ ਨੂੰ ਜ਼ਰੂਰੀ ਸਿਹਤ ਸਲਾਹ ਦਿੱਤੀ ਅਤੇ ਨਿਯਮਿਤ ਜਾਂਚ, ਸੰਤੁਲਿਤ ਜੀਵਨ ਸ਼ੈਲੀ ਅਤੇ ਬਿਮਾਰੀਆਂ ਦੀ ਸ਼ੁਰੂਆਤੀ ਪਛਾਣ ਦੇ ਮਹੱਤਵ ਉੱਤੇ ਜ਼ੋਰ ਦਿੱਤਾ।ਮੈਡੀਕਲ ਟੀਮ ਵੱਲੋਂ ਪਿੰਡ ਵਾਸੀਆਂ ਦੀ ਵਿਸਥਾਰਪੂਰਵਕ ਸਿਹਤ ਜਾਂਚ ਕਰਕੇ ਲੋੜੀਂਦਾ ਮਾਰਗਦਰਸ਼ਨ ਮੁਹੱਈਆ ਕਰਵਾਇਆ ਗਿਆ।ਖ਼ਾਸ ਗੱਲ ਇਹ ਰਹੀ ਕਿ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਪਿੰਡ ਵਿੱਚ ਇਸ ਤਰ੍ਹਾਂ ਦਾ ਸੁਚੰਗੀ ਤਰ੍ਹਾਂ ਆਯੋਜਿਤ ਸਿਹਤ ਕੈਂਪ ਲਗਾਇਆ ਗਿਆ, ਜਿਸਨੂੰ ਖੇਤਰ ਲਈ ਇਤਿਹਾਸਕ ਪਹਿਲ ਮੰਨਿਆ ਜਾ ਰਿਹਾ ਹੈ। ਪਿੰਡ ਵਾਸੀਆਂ ਨੇ ਇਸ ਯਤਨ ਦੀ ਸਰਾਹਨਾ ਕਰਦਿਆਂ ਕਿਹਾ ਕਿ ਅਜੇਹੇ ਕੈਂਪ ਦੂਰਦਰਾਜ਼ ਇਲਾਕਿਆਂ ਵਿੱਚ ਸਿਹਤ ਸਹੂਲਤਾਂ ਨੂੰ ਆਸਾਨੀ ਨਾਲ ਉਪਲਬਧ ਬਣਾਉਂਦੇ ਹਨ।ਹਸਪਤਾਲ ਪ੍ਰਬੰਧਨ ਨੇ ਦੱਸਿਆ ਕਿ "ਹਰ ਪਿੰਡ ਸਿਹਤ ਅਭਿਆਨ" ਰਾਹੀਂ ਭਵਿੱਖ ਵਿੱਚ ਵੀ ਪਿੰਡ-ਪਿੰਡ ਜਾ ਕੇ ਰੋਕਥਾਮੀ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਰਹਿਣਗੀਆਂ, ਤਾਂ ਜੋ ਹਰ ਨਾਗਰਿਕ ਨੂੰ ਸਮੇਂ ਸਿਰ ਇਲਾਜ ਅਤੇ ਸਿਹਤ ਸੁਰੱਖਿਆ ਯਕੀਨੀ ਬਣਾਈ ਜਾ ਸਕੇ।ਹਸਪਤਾਲ ਦੇ ਡਾਇਰੈਕਟਰ ਡਾ. ਕਮਲ ਬਾਗੀ ਨੇ ਦੱਸਿਆ ਕਿ ਕੈਂਪ ਦੌਰਾਨ ਆਸ-ਪਾਸ ਦੇ ਪਿੰਡਾਂ ਲਈ ਵਿਸ਼ੇਸ਼ ਵਾਹਨ ਸੇਵਾ ਚਲਾਈ ਜਾਵੇਗੀ। ਜਿਨ੍ਹਾਂ ਲੋਕਾਂ ਨੇ ਸਿਹਤ ਜਾਂਚ ਕਰਵਾਉਣੀ ਹੈ, ਉਨ੍ਹਾਂ ਨੂੰ ਵਾਹਨ ਰਾਹੀਂ ਕੈਂਪ ਸਥਾਨ ਤੱਕ ਲਿਆ ਕੇ ਜਾਂਚ ਤੋਂ ਬਾਅਦ ਸੁਰੱਖਿਅਤ ਤਰੀਕੇ ਨਾਲ ਵਾਪਸ ਉਨ੍ਹਾਂ ਦੇ ਪਿੰਡ ਛੱਡਿਆ ਜਾਵੇਗਾ। ਇਸ ਪ੍ਰਬੰਧ ਰਾਹੀਂ ਚਰਨਬੱਧ ਢੰਗ ਨਾਲ ਫਿਰੋਜ਼ਪੁਰ ਖੇਤਰ ਦੇ ਸਾਰੇ ਪਿੰਡਾਂ ਨੂੰ ਕਵਰ ਕਰਨ ਦਾ ਲੱਖਿਆ ਰੱਖਿਆ ਗਿਆ ਹੈ।




ਆਵਾਜ਼ਿ ਕੌਮ AWAZE QAUM International Newspaper & WEB TV

ਵੱਡਾ ਗੁਰਦੁਆਰਾ ਬਾਬੇ ਸ਼ਹੀਦਾਂ ਚੜਦੀ ਪੱਤੀ ਪਿੰਡ ਵਡਾਲਾ ਜੋਹਲ ਵਿਖੇ

# ਸਲਾਨਾ ਜੋੜ ਮੇਲਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ : ਸੰਤ ਬਾਬਾ ਚਮਕੌਰ ਸਿੰਘ









**ਚੌਕ ਮਹਿਤਾ, 1 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਵੱਡਾ ਗੁਰਦੁਆਰਾ ਬਾਬੇ ਸ਼ਹੀਦਾਂ ਪਿੰਡ ਵਡਾਲਾ ਜੋਹਲ ਦੇ ਮੁੱਖੀ ਸ੍ਰੀ ਮਾਨ ਸੰਤ ਬਾਬਾ ਚਮਕੌਰ ਸਿੰਘ ਜੀ ਅਗਵਾਈ ਹੇਠ ਧੰਨ ਧੰਨ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਅਤੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਅਤੇ ਸੱਚਖੰਡਵਾਸੀ ਬ੍ਰਹਮ ਗਿਆਨੀ ਸੰਤ ਬਾਬਾ ਠਾਕੁਰ ਸਿੰਘ ਜੀ ਦੀ ਮਿੱਠੀ ਯਾਦ ਵਿਚ ਗੁਰਦੁਆਰਾ ਬਾਬੇ ਸ਼ਹੀਦਾਂ ਚੜਦੀ ਪੱਤੀ ਪਿੰਡ ਵਡਾਲਾ ਜੋਹਲ ਵਿਖੇ ਦੇਸ਼ਾਂ ਵਿਦੇਸ਼ਾਂ ਅਤੇ ਸਮੂਹ ਪਿੰਡ ਅਤੇ ਸਮੂਹ ਇਲਾਕਾ ਨਿਵਾਸੀਆਂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ । ਸੰਤ ਬਾਬਾ ਚਮਕੌਰ ਸਿੰਘ ਵਡਾਲਾ ਜੋਹਲ ਨੇ ਦੱਸਿਆ ਕਿ ਇਸ ਸਮਾਗਮਾਂ ਵਿੱਚ ਸੰਤ, ਮਹਾਂਪੁਰਖ, ਨਿਹੰਗ ਸਿੰਘ ਜਥੇਬੰਦੀਆਂ, ਸਾਧੂ, ਨਿਰਮਲੇ ਮਹਾਂਪੁਰਖ ਹਾਜ਼ਰੀਆਂ ਭਰਨਗੇ। ਸਿੱਖ ਪੰਥ ਦੇ ਮਹਾਨ ਵਿਦਵਾਨ ਕਥਾਵਾਚਕ, ਕੀਰਤਨੀਏ ਢਾਡੀ ਜਥੇ, ਪ੍ਰਚਾਰਕ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਇਸ ਮੌਕੇ ਤੇ ਮਹਾਨ ਅਮ੍ਰਿੰਤ ਸੰਚਾਰ ਕਰਵਾਇਆ ਗਿਆ ਜਿਸ ਵਿਚ ਅਮ੍ਰਿੰਤ ਅਭਿਆਖੀਆ ਨੂੰ ਕਕਾਰ ਭੇਟਾ ਰਹਿਤ ਦਿੱਤੇ ਗਏ। ਗੁਰੂ ਜੀ ਦੇ ਲੰਗਰ ਅਟੁੱਟ ਵਰਤੇ। ਸੰਤ ਬਾਬਾ ਚਮਕੌਰ ਸਿੰਘ ਵਡਾਲਾ ਜੋਹਲ ਅਤੇ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਆਏਂ ਹੋਏ ਸੰਤਾਂ, ਮਹਾਂਪੁਰਖਾ ਅਤੇ ਜਥਿਆਂ ਨੂੰ ਸਿਰਪਾਓ ਅਤੇ ਦੁਸ਼ਾਲੇ ਦੇ ਕੇ ਸਨਮਾਨਿਤ ਕੀਤਾ ਇਸ ਮੌਕੇ ਤੇ ਸਟੇਜ ਸੈਕਟਰੀ ਦੀ ਸੇਵਾ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਬਾਖੂਬੀ ਨਾਲ ਨਿਭਾਈ। ਇਸ ਮੌਕੇ ਤੇ ਸ੍ਰੀ ਮਾਨ ਸੰਤ ਬਾਬਾ ਚਮਕੌਰ ਸਿੰਘ ਜੀ ਨੇ ਦੇਸ਼ਾਂ ਵਿਦੇਸ਼ਾਂ ਅਤੇ ਸਮੂਹ ਇਲਾਕੇ ਦੀਆਂ ਸੰਗਤਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਸਮਾਗਮਾਂ ਵਿੱਚ ਤਨ ਮਨ ਧਨ ਨਾਲ ਸੇਵਾ ਕੀਤੀ ਗਈ।

# ਪੰਜਾਬ ਲਾਲਚਾਂ ਵਿੱਚ ਨਹੀਂ, ਹਮੇਸ਼ਾ 'ਨਵੀਂ ਸੋਚ' ਵਾਲੀ ਲੀਡਰਸ਼ਿਪ ਲਈ ਵੋਟ ਪਾਉਂਦਾ ਹੈ: ਕਰਨੈਲ ਸਿੰਘ ਪੀਰ ਮੁਹੰਮਦ

**☛ 3 ਮਾਰਚ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਵੇਗਾ ਵੱਡਾ ਪੰਥਕ ਇਕੱਠ; 'ਵਿਜ਼ਨ ਡਾਕੂਮੈਂਟ' ਹੋਵੇਗਾ ਜਾਰੀ ☛ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਅਤੇ ਗਿਆਨੀ ਹਰਪ੍ਰੀਤ ਸਿੰਘ ਦਾ ਕੀਤਾ ਜਾਵੇਗਾ ਵਿਸ਼ੇਸ਼ ਸਨਮਾਨ**

**ਅੰਮ੍ਰਿਤਸਰ/ਸ੍ਰੀ ਅਨੰਦਪੁਰ ਸਾਹਿਬ, 1 ਮਾਰਚ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਸੀਨੀਅਰ ਮੀਤ ਪ੍ਰਧਾਨ ਸ੍ਰ. ਕਰਨੈਲ ਸਿੰਘ ਪੀਰ ਮੁਹੰਮਦ ਨੇ ਅੱਜ ਇੱਕ ਅਹਿਮ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਦੀ ਸਿਆਸਤ ਬਾਰੇ ਕੁਝ ਲੋਕਾਂ ਨੂੰ ਬਹੁਤ ਵੱਡਾ ਭੁਲੇਖਾ ਹੈ ਕਿ ਪੰਜਾਬੀ ਲਾਲਚਾਂ ਵਿੱਚ ਫਸ ਕੇ ਵੋਟ ਪਾਉਂਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਪੰਜਾਬ ਹਮੇਸ਼ਾ ਤੋਂ ਹੀ ਨਵੀਂ ਸੋਚ ਵਾਲੀ ਲੀਡਰਸ਼ਿਪ ਚਾਹੁੰਦਾ ਰਿਹਾ ਹੈ, ਜਿਸ ਕਾਰਨ ਇੱਥੋਂ ਦੇ ਵੋਟਰ ਸਮੇਂ-ਸਮੇਂ 'ਤੇ ਨਵੇਂ ਤਜਰਬੇ ਕਰਦੇ ਰਹੇ ਹਨ।




ਸ੍ਰ. ਪੀਰ ਮੁਹੰਮਦ ਨੇ ਆਖਿਆ ਕਿ ਪੰਜਾਬ ਦੇ ਲੋਕਾਂ ਦੇ ਸਵੈ-ਮਾਣ ਨੂੰ ਲਾਲਚ ਨਾਲ ਨਹੀਂ ਖਰੀਦਿਆ ਜਾ ਸਕਦਾ। ਉਨ੍ਹਾਂ ਕਿਹਾ, "ਪੰਜਾਬੀ ਮਾਨਸਿਕਤਾ ਹਮੇਸ਼ਾ ਸਿਧਾਂਤਕ ਅਤੇ ਦਲੇਰ ਲੀਡਰਸ਼ਿਪ ਦੀ ਮੁਦਈ ਰਹੀ ਹੈ। ਸਾਡੀ ਪਾਰਟੀ ਪੰਜਾਬ ਦੇ ਅਸਲ ਮੁੱਦਿਆਂ ਅਤੇ ਪੰਥਕ ਰਵਾਇਤਾਂ ਨੂੰ ਮੁੜ ਸੁਰਜੀਤ ਕਰਨ ਲਈ ਵਚਨਬੱਧ ਹੈ।"

**3 ਮਾਰਚ ਦੇ ਸਮਾਗਮ ਦੀਆਂ ਤਿਆਰੀਆਂ**: ਉਨ੍ਹਾਂ ਦੱਸਿਆ ਕਿ ਆਉਂਦੀ 3 ਮਾਰਚ ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਵਿਖੇ ਇੱਕ ਵਿਸ਼ਾਲ ਪੰਥਕ ਇਕੱਠ ਕੀਤਾ ਜਾ ਰਿਹਾ ਹੈ। ਇਸ ਮੌਕੇ ਪੰਜਾਬ ਦੇ ਭਵਿੱਖ ਦੀ ਰੂਪ-ਰੇਖਾ ਉਲੀਕਦਾ ਹੋਇਆ ਇੱਕ 'ਵਿਜ਼ਨ ਡਾਕੂਮੈਂਟ' (ਸੰਕਲਪ ਪੱਤਰ) ਜਾਰੀ ਕੀਤਾ ਜਾਵੇਗਾ, ਜੋ ਸੂਬੇ ਨੂੰ ਦਰਪੇਸ਼ ਮੌਜੂਦਾ ਸੰਕਟਾਂ ਵਿੱਚੋਂ ਕੱਢਣ ਲਈ ਇੱਕ ਰੋਡਮੈਪ ਸਾਬਤ ਹੋਵੇਗਾ।

**ਜਥੇਦਾਰ ਸਾਹਿਬਾਨ ਦਾ ਵਿਸ਼ੇਸ਼ ਸਨਮਾਨ**: ਸ੍ਰ. ਪੀਰ ਮੁਹੰਮਦ ਨੇ ਵਿਸ਼ੇਸ਼ ਤੌਰ 'ਤੇ ਐਲਾਨ ਕੀਤਾ ਕਿ ਇਸ ਪੰਥਕ ਇਕੱਠ ਦੌਰਾਨ ਪੰਥ ਦੀਆਂ ਮਹਾਨ ਸ਼ਖ਼ਸੀਅਤਾਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਦੀਆਂ ਪੰਥ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦਿਆਂ, ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਅਤੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਦਾ ਪਾਰਟੀ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਜਥੇਦਾਰ ਸਾਹਿਬਾਨ ਨੇ ਹਮੇਸ਼ਾ ਕੌਮ ਦੀ ਚੜ੍ਹਦੀ ਕਲਾ ਲਈ ਮਾਰਗਦਰਸ਼ਨ ਕੀਤਾ ਹੈ ਅਤੇ ਉਨ੍ਹਾਂ ਦਾ ਸਨਮਾਨ ਕਰਨਾ ਸਮੁੱਚੇ ਪੰਥ ਦਾ ਮਾਣ ਵਧਾਉਣ ਦੇ ਤੁੱਲ ਹੈ। ਸ੍ਰ. ਪੀਰ ਮੁਹੰਮਦ ਨੇ ਸਮੁੱਚੇ ਪੰਥਕ ਦਰਦੀਆਂ, ਨੌਜਵਾਨਾਂ ਅਤੇ ਪੰਜਾਬ ਹਿਤੈਸ਼ੀਆਂ ਨੂੰ ਅਪੀਲ ਕੀਤੀ ਕਿ ਉਹ 3 ਮਾਰਚ ਨੂੰ ਵੱਡੀ ਗਿਣਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਕੇ ਇਸ ਇਤਿਹਾਸਕ ਪਲ ਦਾ ਹਿੱਸਾ ਬਣਨ। ਇਸ ਮੌਕੇ ਅਕਾਲੀ ਦਲ ਦੇ ਸੀਨੀਅਰ ਆਗੂ ਸਰਦਾਰ ਹਰਦੀਪ ਸਿੰਘ ਬਾਠ ਅਤੇ ਹਰਦਿਤ ਸਿੰਘ ਖਰੜ ਨੇ ਕਿਹਾ ਕਿ ਖਰੜ ਤੋ ਵੱਡੀ ਗਿਣਤੀ ਵਿੱਚ ਅਕਾਲੀ ਵਰਕਰ ਅਨੰਦਪੁਰ ਸਾਹਿਬ ਵਿਖੇ ਜਾਣਗੇ

# ਹੋਲਾ ਮਹੱਲਾ ਮੌਕੇ 20 ਫਾਇਰ ਟੈਂਡਰ ਤਾਇਨਾਤ, ਫਾਇਰ ਅਫਸਰਾਂ ਵੱਲੋਂ ਮੈਦਾਨੀ ਪੱਧਰ 'ਤੇ ਇੰਸਪੈਕਸ਼ਨ ਜਾਰੀ

**ਸ੍ਰੀ ਅਨੰਦਪੁਰ ਸਾਹਿਬ, 1 ਮਾਰਚ (ਆਵਾਜ਼ਿ ਕੌਮ ਬਿਊਰੋ)**-ਹੋਲਾ ਮਹੱਲਾ ਦੇ ਪਵਿੱਤਰ ਤਿਉਹਾਰ ਦੌਰਾਨ ਲੱਖਾਂ ਦੀ ਗਿਣਤੀ ਵਿੱਚ ਆ ਰਹੇ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸ੍ਰੀ ਅਨੰਦਪੁਰ ਸਾਹਿਬ ਵਿੱਚ ਫਾਇਰ ਬ੍ਰਿਗੇਡ ਵੱਲੋਂ ਅੱਗ ਸੁਰੱਖਿਆ ਦੇ ਮਜ਼ਬੂਤ ਪ੍ਰਬੰਧ ਕੀਤੇ ਗਏ ਹਨ। ਮੇਲਾ ਖੇਤਰ ਅਤੇ ਆਲੇ-ਦੁਆਲੇ ਦੇ ਸੰਵੇਦਨਸ਼ੀਲ ਇਲਾਕਿਆਂ ਵਿੱਚ ਕੁੱਲ 20 ਫਾਇਰ ਟੈਂਡਰ ਤਾਇਨਾਤ ਕੀਤੇ ਗਏ ਹਨ, ਤਾਂ ਜੋ ਕਿਸੇ ਵੀ ਸਥਿਤੀ ਵਿੱਚ ਤੁਰੰਤ ਕਾਰਵਾਈ ਕੀਤੀ ਜਾ ਸਕੇ।

ਇਨ੍ਹਾਂ ਫਾਇਰ ਟੈਂਡਰਾਂ ਦੀ ਮੈਦਾਨੀ ਪੱਧਰ 'ਤੇ ਇੰਸਪੈਕਸ਼ਨ ਫਾਇਰ ਅਫਸਰ ਕੌਰ ਸਿੰਘ ਅਤੇ ਅਮਰਪ੍ਰੀਤ ਸਿੰਘ ਵੱਲੋਂ ਕੀਤੀ ਗਈ। ਇੰਸਪੈਕਸ਼ਨ ਦੌਰਾਨ ਵਾਹਨਾਂ ਦੀ ਤਕਨੀਕੀ ਹਾਲਤ, ਪਾਣੀ ਦੀ ਉਪਲਬਧਤਾ, ਅੱਗ ਬੁਝਾਉ ਸਾਜੋ-ਸਾਮਾਨ ਅਤੇ ਸੰਚਾਰ ਪ੍ਰਣਾਲੀ ਦੀ ਪੂਰੀ ਤਰ੍ਹਾਂ ਜਾਂਚ ਕੀਤੀ ਗਈ। ਫਾਇਰ ਸਟਾਫ ਨੂੰ ਵੀ ਚੌਕਸ ਰਹਿਣ ਅਤੇ ਐਮਰਜੈਂਸੀ ਸਥਿਤੀ ਵਿੱਚ ਤੁਰੰਤ ਰਿਸਪਾਂਸ ਦੇਣ ਸਬੰਧੀ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ ਗਏ।

ਫਾਇਰ ਅਧਿਕਾਰੀਆਂ ਨੇ ਦੱਸਿਆ ਕਿ ਮੇਲਾ ਖੇਤਰ ਵਿੱਚ ਅਸਥਾਈ ਦੁਕਾਨਾਂ, ਲੰਗਰ ਸਥਾਨਾਂ ਅਤੇ ਭੀੜ ਵਾਲੇ ਖੇਤਰਾਂ ਨੂੰ ਖ਼ਾਸ ਤੌਰ 'ਤੇ ਸੰਵੇਦਨਸ਼ੀਲ ਮੰਨਦਿਆਂ ਉੱਥੇ ਵਾਧੂ ਨਿਗਰਾਨੀ ਕੀਤੀ ਜਾ ਰਹੀ ਹੈ। ਫਾਇਰ ਬ੍ਰਿਗੇਡ ਨੇ ਸੰਗਤ ਅਤੇ ਵਪਾਰੀਆਂ ਨੂੰ ਅਪੀਲ ਕੀਤੀ ਹੈ ਕਿ ਅੱਗ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਦੇ ਹੋਏ ਪ੍ਰਸ਼ਾਸਨ ਦਾ ਸਹਿਯੋਗ ਕਰਨ। ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਤੁਰੰਤ ਨੇੜਲੇ ਫਾਇਰ ਟੈਂਡਰ ਜਾਂ ਕੰਟਰੋਲ ਰੂਮ ਨਾਲ ਸੰਪਰਕ ਕੀਤਾ ਜਾਵੇ। ਪ੍ਰਸ਼ਾਸਨ ਵੱਲੋਂ ਭਰੋਸਾ ਦਿਵਾਇਆ ਗਿਆ ਹੈ ਕਿ ਹੋਲਾ ਮਹੱਲਾ ਦੌਰਾਨ ਸੁਰੱਖਿਆ ਦੇ ਸਾਰੇ ਪ੍ਰਬੰਧ ਚੌਕਸ ਰੱਖੇ ਗਏ ਹਨ, ਤਾਂ ਜੋ ਤਿਉਹਾਰ ਸ਼ਾਂਤੀਪੂਰਕ ਅਤੇ ਸੁਰੱਖਿਅਤ ਢੰਗ ਨਾਲ ਸੰਪੰਨ ਹੋ ਸਕੇ।

28 ਫ਼ਰਵਰੀ ਜਨਮ ਦਿਨ 'ਤੇ ਵਿਸ਼ੇਸ਼

# ਕ੍ਰਾਂਤੀਕਾਰੀ ਸਿੱਖ ਆਗੂ - ਮਾਸਟਰ ਮੋਤਾ ਸਿੰਘ ਨੂੰ ਯਾਦ ਕਰਦਿਆਂ

-ਭਗਵਾਨ ਸਿੰਘ ਜੌਹਲ
bhagwansinghjohal@gmail.com
ਮੋਬਾਈਲ : 98143-24040



ਕੌਮੀ ਸੇਵਾ ਤੇ ਦੇਸ਼ ਭਗਤੀ ਨੂੰ ਜੀਵਨ ਮਨੋਰਥ ਜਾਨਣ ਵਾਲੇ ਵਿਰਲੇ ਇਨਸਾਨ ਮਿਲਦੇ ਹਨ । ਮਾਸਟਰ ਮੋਤਾ ਸਿੰਘ ਦਾ ਸਮੁੱਚਾ ਜੀਵਨ ਦੇਸ਼ ਸੇਵਾ ਨੂੰ ਸਮਰਪਿਤ ਸੀ, ਇਸੇ ਕਰਕੇ ਉਸ ਸਮੇਂ ਦੀ ਅੰਗ੍ਰੇਜ਼ ਹਕੂਮਤ ਦੀਆਂ ਅੱਖਾਂ ਵਿੱਚ ਰੜਕਦੇ ਰਹੇ । ਉਨ੍ਹਾਂ ਦੀ ਖਾਹਿਸ਼ ਸੀ ਕਿ ਦੇਸ਼ ਦੀ ਆਜ਼ਾਦੀ ਅਤੇ ਸਿੱਖਾਂ ਦੇ ਭਵਿੱਖ ਨੂੰ ਸੰਵਾਰਨ ਲਈ ਹਰ ਨੌਜਵਾਨ ਦੇਸ਼-ਭਗਤੀ ਦੇ ਰੰਗ ਵਿੱਚ ਰੰਗਿਆ ਹੋਣਾ ਚਾਹੀਦਾ । ਸ਼ਾਇਦ ਇਸੇ ਕਰਕੇ ਉਹ ਅਜਿਹੇ ਸਿੱਖ ਆਗੂ ਸਨ, ਜਿਨ੍ਹਾਂ ਤਾਅ ਉਮਰ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਗ੍ਰਹਿਸਥ ਜੀਵਨ ਵਿੱਚ ਪ੍ਰਵੇਸ਼ ਹੀ ਨਹੀਂ ਕੀਤਾ । ਉਸ ਸਮੇਂ ਪੰਜਾਬ ਦੇ ਬਹੁਤੇ ਪਰਿਵਾਰ ਅਨਪੜ੍ਹਤਾ ਤੇ ਗਰੀਬੀ ਕਾਰਨ ਬੜੀ ਤੰਗੀ ਤੁਰਸ਼ੀ ਵਾਲਾ ਜੀਵਨ ਪ੍ਰਾਪਤ ਕਰ ਰਹੇ ਸਨ । ਮਾਸਟਰ ਮੋਤਾ ਸਿੰਘ ਦੇ ਮਾਤਾ-ਪਿਤਾ ਜੀ ਨੇ ਸਿੱਖਿਆ ਪ੍ਰਾਪਤੀ ਲਈ ਹਰ ਸੰਭਵ ਯਤਨ ਕੀਤਾ । ਇਸ ਦੇਸ਼ ਭਗਤ ਤੇ ਕ੍ਰਾਂਤੀਕਾਰੀ ਸਿੱਖ ਆਗੂ ਦਾ ਜਨਮ ਜ਼ਿਲ੍ਹਾ ਤੇ ਤਹਿਸੀਲ ਜਲੰਧਰ ਦੇ ਵੱਡੇ ਪਿੰਡ ਪਤਾਰਾ ਵਿਖੇ 28 ਫ਼ਰਵਰੀ, 1888 ਈ: ਨੂੰ ਸ। ਗੋਪਾਲ ਸਿੰਘ ਦੇ ਗ੍ਰਹਿ ਵਿਖੇ ਹੋਇਆ । ਮੈਟ੍ਰਿਕ ਦਾ ਇਮਤਿਹਾਨ ਪਾਸ ਕਰਨ ਪਿੱਛੋਂ ਆਪ ਜੂਨੀਅਰ ਵਰਨੈਕੂਲਰ ਟੀਚਰ ਟ੍ਰੇਨਿੰਗ ਪ੍ਰਾਪਤ ਕਰਕੇ ਵੱਖ-ਵੱਖ ਸਕੂਲਾਂ ਵਿੱਚ ਤਾਇਨਾਤ ਰਹੇ । ਇਸ ਤੋਂ ਪਿੱਛੋਂ ਗਿਆਨੀ, ਮੁਨਸ਼ੀ ਫਾਜ਼ਿਲ ਅਤੇ ਬੀ ਏ। ਪਾਸ ਕਰਕੇ ਅੰਮ੍ਰਿਤਸਰ ਸ਼ਹਿਰ ਦੀ ਨਾਮਵਰ ਵਿੱਦਿਅਕ ਸੰਸਥਾ ਸੰਤ ਸਿੰਘ ਸੁੱਖਾ ਸਿੰਘ ਖ਼ਾਲਸਾ ਸਕੂਲ ਵਿਖੇ ਅਤੇ ਉਸ ਤੋਂ ਬਾਅਦ ਤਲਵੰਡੀ ਸਾਬੋ (ਸ੍ਰੀ ਦਮਦਮਾ ਸਾਹਿਬ) ਦੇ ਖ਼ਾਲਸਾ ਸਕੂਲ, ਅਕਾਲ ਕਾਲਜ ਮਸਤੂਆਣਾ ਵਿਖੇ ਵੀ ਅਧਿਆਪਕ ਦਾ ਕਾਰਜ ਕੀਤਾ । ਕੌਮੀ ਦਰਦ ਦੇ ਜਜ਼ਬੇ ਅਧੀਨ ਉਹ ਚਾਹੁੰਦੇ ਸਨ, ਹਰ ਪੰਜਾਬੀ ਸਿੱਖਿਆ ਦੇ ਖੇਤਰ ਵਿੱਚ ਨਿਪੁੰਨ ਹੋਵੇ, ਇਸੇ ਕਰਕੇ ਮਾਸਟਰ ਮੋਤਾ ਸਿੰਘ ਨੇ ਮਾਝਾ ਖ਼ਾਲਸਾ ਦੀਵਾਨ ਨਾਲ ਮਿਲ ਕੇ ਕਈ ਥਾਵਾਂ 'ਤੇ ਲੜਕਿਆਂ ਲਈ ਖ਼ਾਲਸਾ ਸਕੂਲ ਸਥਾਪਤ ਕੀਤੇ । ਇਸ ਤੋਂ ਪਿੱਛੋਂ ਆਪਣੇ ਪਿੰਡ ਪਤਾਰਾ (ਜਲੰਧਰ) ਵਿਖੇ ਵੀ ਪਬਲਿਕ ਸਕੂਲ ਦੀ ਸਥਾਪਨਾ ਕੀਤੀ । ਜੋ ਹੁਣ ਸਰਕਾਰੀ ਸਕੂਲ ਵਜੋਂ ਸੇਵਾ ਨਿਭਾ ਰਿਹਾ ਹੈ । ਛੇਤੀ ਹੀ ਸਿੱਖਿਆ ਦੇ ਖੇਤਰ ਤੋਂ ਵਿਹਲੇ ਹੋ ਕੇ ਅੰਗ੍ਰੇਜ਼ ਹਕੂਮਤ ਨੂੰ ਦੇਸ਼ ਵਿੱਚੋਂ ਕੱਢਣ ਲਈ ਸੰਘਰਸ਼ ਵਿੱਚ ਕੁੱਦ ਪਏ । ਰਾਜਨੀਤਿਕ ਖੇਤਰ ਵਿੱਚ ਆ ਕੇ ਰਾਤ-ਦਿਨ ਇਕ ਕਰ ਦਿੱਤਾ । ਆਪ ਜੀ ਦੇ ਸਫ਼ਲ ਬੁਲਾਰੇ ਵਜੋਂ ਤੇ ਇਤਿਹਾਸਕ ਜਾਣਕਾਰੀ ਦੀ ਹਰ ਸਰੋਤਾ ਪ੍ਰਸ਼ੰਸਾ ਕਰਦਾ ਸੀ । 11 ਅਪ੍ਰੈਲ 1919 ਨੂੰ ਸ਼ਾਹੀ ਮਸਜਿਦ ਲਾਹੌਰ ਵਿੱਚ ਅੰਗ੍ਰੇਜ਼ ਸਰਕਾਰ ਵਿਰੋਧੀ ਤਕਰੀਰ ਕਰਨ ਤੋਂ ਬਾਅਦ ਮਾਰਸ਼ਲ ਲਾਅ ਅਧੀਨ ਗ੍ਰਿਫਤਾਰ ਕਰ ਲਿਆ ਗਿਆ । ਜੇਲ੍ਹ ਵਿੱਚ ਹਰ ਕੈਦੀ ਨੂੰ ਦਸਤਾਰ ਸਜਾਉਣ ਦੀ ਆਗਿਆ ਨਹੀਂ ਸੀ । ਇਸ ਪਾਬੰਦੀ ਦੇ ਵਿਰੋਧ ਵਿੱਚ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ । ਸਰਕਾਰ ਨੂੰ ਮਜ਼ਬੂਰ ਹੋ ਕੇ ਦਸਤਾਰ 'ਤੇ ਲਾਈ ਪਾਬੰਦੀ ਵਾਪਸ ਲੈਣੀ ਪਈ । ਦਸੰਬਰ, 1919 ਵਿੱਚ ਜੇਲ੍ਹ ਤੋਂ ਰਿਹਾਅ ਕੀਤਾ ਗਿਆ । ਇਨ੍ਹਾਂ ਦਿਨਾਂ ਵਿੱਚ ਹੀ ਗੁਰਦੁਆਰਾ ਸੁਧਾਰ ਲਹਿਰ ਦਾ ਆਰੰਭ ਹੁੰਦਾ ਹੈ । ਆਪ ਇਸ ਲਹਿਰ ਵਿੱਚ ਸਰਗਰਮ ਹੋ ਗਏ । ਪਰ ਸਿੱਖਾਂ ਦੀ ਨਵੀਂ ਬਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਸ਼ਾਂਤ ਮਈ ਅੰਦੋਲਨ ਨਾਲ



ਆਪ ਸਹਿਮਤ ਨਹੀਂ ਸੀ । ਉਨ੍ਹਾਂ ਦੀ ਰਾਏ ਸੀ ਸਿੱਧੀ ਉਂਗਲ ਨਾਲ ਘਿਉ ਨਹੀਂ ਨਿਕਲਣਾ, ਅੰਗ੍ਰੇਜ਼ ਹਕੂਮਤ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਦੋ ਹੱਥ ਕਰਨੇ ਹੀ ਪੈਣਗੇ । ਇਸੇ ਸਮੇਂ ਦੌਰਾਨ ਸ੍ਰੀ ਤਰਨਤਾਰਨ ਸਾਹਿਬ ਅਤੇ ਸ੍ਰੀ ਨਨਕਾਣਾ ਸਾਹਿਬ ਦੇ ਖ਼ੂਨੀ ਸਾਕਿਆਂ ਨੇ ਧੁਰ ਅੰਦਰੋਂ ਝੰਜੋੜ ਕੇ ਰੱਖ ਦਿੱਤਾ । ਨਨਕਾਣਾ ਸਾਹਿਬ ਦੇ ਇਸ ਖ਼ੂਨੀ ਸਾਕੇ ਤੋਂ ਥੋੜ੍ਹੇ ਦਿਨਾਂ ਬਾਅਦ 19 ਤੋਂ 21 ਮਾਰਚ, 1921 ਨੂੰ ਹੁਸ਼ਿਆਰਪੁਰ ਵਿਖੇ ਹੋਈ ਸਿੱਖ ਐਜੂਕੇਸ਼ਨਲ ਕਾਨਫਰੰਸ ਸਮੇਂ ਇਨ੍ਹਾਂ ਬੱਬਰ ਅਕਾਲੀ ਲਹਿਰ ਦੇ ਪ੍ਰਮੁੱਖ ਆਗੂ ਜਥੇਦਾਰ ਕਿਸ਼ਨ ਸਿੰਘ ਗੜਗੱਜ ਨਾਲ ਮਿਲ ਕੇ ਇਕ ਖ਼ੁਫ਼ੀਆ ਮੀਟਿੰਗ ਕੀਤੀ । ਇਸ ਮੀਟਿੰਗ ਵਿੱਚ ਸ੍ਰੀ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਨਾਲ ਉਨ੍ਹਾਂ ਸਾਰੇ ਗੁਰੂ ਦੋਖੀਆਂ ਨੂੰ ਮਾਰ ਮੁਕਾਉਣ ਦਾ ਫੈਸਲਾ ਕੀਤਾ ਗਿਆ । ਇਸ ਸਬੰਧੀ ਬੱਬਰ ਅਕਾਲੀ ਲਹਿਰ ਲਈ ਨਿੱਠ ਕੇ ਪ੍ਰਚਾਰ ਵਿੱਚ ਰੁੱਝ ਗਏ । ਰਾਤ ਦਿਨ ਜੁਝਾਰੂ ਨੌਜਵਾਨ ਸਿੱਖ ਆਗੂਆਂ ਨੂੰ ਪ੍ਰਚਾਰ ਤੇ ਪ੍ਰਸਾਰ ਲਈ ਇਕੱਠੇ ਕਰਕੇ ਬੱਬਰ ਅਕਾਲੀ ਲਹਿਰ ਨੂੰ ਹੁਲਾਰਾ ਦਿੱਤਾ । ਇਸ ਲਹਿਰ ਨਾਲ ਸੰਬੰਧਿਤ ਕਾਰਜ ਲਈ ਅਫ਼ਗਾਨਿਸਤਾਨ ਦੇ ਸ਼ਹਿਰ ਕਾਬਲ ਦਾ ਦੌਰਾ ਵੀ ਕੀਤਾ । ਬੱਬਰ ਅਕਾਲੀ ਲਹਿਰ ਦੇ ਸਰਗਰਮ ਆਗੂ ਹੋਣ ਕਰਕੇ, ਖਾਸ ਕਰਕੇ ਹਕੂਮਤ ਦੇ ਬਾਗੀ ਖਾੜਕੂ ਆਗੂ ਵਜੋਂ 15 ਜੂਨ, 1922 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ । ਲਗਾਤਾਰ ਸੱਤ ਸਾਲ ਸਾਂਝੇ ਪੰਜਾਬ ਦੀਆਂ ਜੇਲ੍ਹਾਂ ਵਿੱਚ ਸਖ਼ਤ ਕੈਦ ਭੁਗਤੀ । ਹੁਣ ਫਿਰ ਜੇਲ੍ਹ ਤੋਂ ਬਾਹਰ ਆਉਣ ਤੋਂ ਪਿੱਛੋਂ ਵਾਰ-ਵਾਰ ਗ੍ਰਿਫ਼ਤਾਰ ਕਰਕੇ ਵੱਖ-ਵੱਖ ਜੁਰਮਾਂ ਅਧੀਨ ਸਰਕਾਰ ਦੇ ਖ਼ਤਰਨਾਕ ਬਾਗੀ ਵਜੋਂ ਜੇਲ੍ਹਾਂ ਵਿੱਚ ਰੱਖਿਆ ਗਿਆ । ਦੇਸ਼ ਦੀ ਅਜ਼ਾਦੀ ਲਈ ਕਾਲ ਕੋਠੜੀਆਂ ਮਾਸਟਰ ਮੋਤਾ ਸਿੰਘ ਨੂੰ ਆਪਣੇ ਅਕੀਦੇ ਤੇ ਉਦੇਸ਼ ਤੋਂ ਡੁਲਾ ਨਾ ਸਕੀਆਂ । ਦੇਸ਼ ਦੀ ਅਜ਼ਾਦੀ ਤੋਂ ਬਾਅਦ ਵਿੱਚ ਹੋਈ ਵਿਧਾਨ ਸਭਾ ਦੀ ਚੋਣ ਵਿੱਚ ਵਿਧਾਇਕ ਚੁਣ ਲਏ ਗਏ । ਪਰ ਅੰਦਰਲਾ ਦੇਸ਼ ਭਗਤ ਤੇ ਲੋਕ-ਸੇਵਕ ਵਾਰ-ਵਾਰ ਦੁੱਖੀ ਲੋਕਾਂ ਦੀ ਸੇਵਾ ਲਈ ਵੰਗਾਰਦਾ ਰਿਹਾ । ਛੇਤੀ ਹੀ ਵਿਧਾਇਕ ਵਜੋਂ ਅਸਤੀਫਾ ਦੇ ਕੇ ਵਿਧਾਇਕ ਦੀ ਪਦਵੀ ਤੋਂ ਵਿਹਲੇ ਹੋ ਕੇ ਕਿਸਾਨ ਲਹਿਰ ਵਿੱਚ ਸ਼ਾਮਿਲ ਹੋ ਗਏ । ਮਾਸਟਰ ਮੋਤਾ ਸਿੰਘ ਬੇਦਾਗ਼ ਤੇ ਨਿਧੜਕ ਸਿੱਖ ਆਗੂ ਸਨ, ਉਨ੍ਹਾਂ ਤਾਅ ਜ਼ਿੰਦਗੀ ਕੋਈ ਜਾਇਦਾਦ ਨਹੀਂ ਬਣਾਈ । ਨਾ ਹੀ ਰਿਸ਼ਤੇਦਾਰੀਆਂ ਦੇ ਮੋਹ ਵਿੱਚ ਫ਼ਸੇ, ਜੇ ਪਿਆਰ ਕੀਤਾ ਤਾਂ ਕੇਵਲ ਸਿੱਖ ਕੌਮ ਤੇ ਦੇਸ਼ ਨਾਲ ਹੀ ਕੀਤਾ । ਜਲੰਧਰ ਸ਼ਹਿਰ ਦੇ ਮੌਜੂਦਾ ਬੱਸ-ਅੱਡੇ ਦੇ ਨਾਲ ਹੀ ਇਨ੍ਹਾਂ ਦੇ ਨਾਂਅ 'ਤੇ ਬਣਿਆ ਮਾਸਟਰ ਮੋਤਾ ਸਿੰਘ ਨਗਰ ਇਨ੍ਹਾਂ ਦੀ ਦੇਸ਼-ਭਗਤੀ ਨੂੰ ਸਮਰਪਿਤ ਕੀਤਾ ਗਿਆ ਹੈ । 9 ਫ਼ਰਵਰੀ, 1960 ਈ: ਨੂੰ ਆਪ ਇਸ ਫ਼ਾਨੀ ਸੰਸਾਰ ਤੋਂ ਹਮੇਸ਼ਾ ਲਈ ਵਿਦਾ ਹੋ ਗਏ । ਅੱਜ ਕੇਵਲ ਉਨ੍ਹਾਂ ਦੀ ਯਾਦ ਹੀ ਬਾਕੀ ਹੈ।

ਪਿੰਡ ਗੰਡਾ ਸਿੰਘ ਵਾਲਾ (ਗੁਰਬਖਸ਼ਪੁਰਾ) ਸੰਗਰੂਰ ਪੰਜਾਬ ਵਿਖੇ

# ਤਿੰਨ ਰੋਜ਼ਾ ਧਾਰਮਿਕ ਦੀਵਾਨਾਂ 'ਚੋਂ ਸਮਾਪਤੀ ਦੇ ਤੀਜੇ ਦੀਵਾਨ ਸਜੇ

## ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਧਾਰਮਿਕ ਦੀਵਾਨ ਸਜਾਏ ਅਤੇ ਸਿੱਖ ਸੰਗਤਾਂ ਨੂੰ ਗੁਰਬਾਣੀ ਗੁਰਇਤਿਹਾਸ ਨਾਲ ਜੋੜਿਆ 25 ਪ੍ਰਾਣੀ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ





















ਪਿੰਡ ਗੰਡਾ ਸਿੰਘ ਵਾਲਾ (ਗੁਰਬਖਸ਼ਪੁਰਾ) ਸੰਗਰੂਰ ਪੰਜਾਬ ਵਿਖੇ 27-28 ਫਰਵਰੀ 1 ਮਾਰਚ 2026 ਦੇ ਤਿੰਨ ਰੋਜ਼ਾ ਧਾਰਮਿਕ ਦੀਵਾਨਾਂ ਚੋਂ ਅੱਜ ਸਮਾਪਤੀ ਦੇ ਤੀਜੇ ਦੀਵਾਨ ਸਜੇ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਧਾਰਮਿਕ ਦੀਵਾਨ ਸਜਾਏ ਅਤੇ ਸਿੱਖ ਸੰਗਤਾਂ ਨੂੰ ਗੁਰਬਾਣੀ ਗੁਰਇਤਿਹਾਸ ਨਾਲ ਜੋੜਿਆ 25 ਪ੍ਰਾਣੀ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ ਸੰਤ ਹਾਕਮ ਸਿੰਘ ਨਿਰਮਲੇ,ਬਾਬਾ ਮਨਪ੍ਰੀਤ ਸਿੰਘ ਅਲੀਪੁਰ ਖਾਲਸਾ,ਬਾਬਾ ਜਸਵਿੰਦਰ ਸਿੰਘ ਤਿਉਣਾ,ਸੰਤ ਰਤਨਪੁਰੀ ਸੰਨਿਆਸੀ ਜੋਗੀਮਾਜਰਾ ਸਮੇਤ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਸਮਾਗਮ ਦੀ ਹਾਜ਼ਰੀ ਭਰੀ ਪ੍ਰਬੰਧਕਾਂ ਵੱਲੋਂ ਸਿਰਪਾਓ ਅਤੇ ਸਨਮਾਨ ਚਿੰਨ ਦੇ ਕੇ ਜਥੇਦਾਰ ਦਾਦੂਵਾਲ ਜੀ ਸੰਤ ਮਹਾਂਪੁਰਸ਼ਾਂ ਅਤੇ ਜੱਥੇ ਦੇ ਸਿੰਘਾਂ ਨੂੰ ਸਨਮਾਨਿਤ ਕੀਤਾ ਗਿਆ।



(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਪਿੰਡ ਰੰਡਾ ਸਿੰਘ ਵਾਲਾ (ਗੁਰਬਖਸ਼ਪੁਰਾ) ਸੰਗਰੂਰ ਪੰਜਾਬ ਵਿਖੇ

# ਤਿੰਨ ਰੋਜ਼ਾ ਧਾਰਮਿਕ ਦੀਵਾਨਾਂ 'ਚੋਂ ਸਮਾਪਤੀ ਦੇ ਤੀਜੇ ਦੀਵਾਨ ਸਜੇ

**ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਧਾਰਮਿਕ ਦੀਵਾਨ ਸਜਾਏ ਅਤੇ ਸਿੱਖ ਸੰਗਤਾਂ ਨੂੰ ਗੁਰਬਾਣੀ ਗੁਰਇਤਿਹਾਸ ਨਾਲ ਜੋੜਿਆ 25 ਪ੍ਰਾਣੀ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ**














ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਮਹਾਰਾਸ਼ਟਰ ‘ਚ ਹੋਏ ਸ਼ਤਾਬਦੀ ਸਮਾਗਮ ਰਾਸ਼ਟਰੀ ਏਕਤਾ ਦਾ ਬਣੇ ਪ੍ਰਤੀਕ ਬਣ ਕੇ ਉੱਭਰੇ-ਪ੍ਰਧਾਨ ਮੰਤਰੀ ਨੇਰੇਂਦਰ ਮੋਦੀ

# ਹਿੰਦੂ ਧਰਮ ਦੀ ਰੱਖਿਆ ਲਈ ਜੇਕਰ ਗੁਰੂ ਸਾਹਿਬ ਸ਼ਹਾਦਤ ਨਾ ਦਿੰਦੇ ਤਾਂ ਅੱਜ ਵਿਸ਼ਵ ’ਚ ਇੱਕ ਵੀ ਹਿੰਦੂ ਨਾ ਹੁੰਦਾ-ਅਮਿਤ ਸ਼ਾਹ



















**ਚੌਕ ਮਹਿਤਾ, 1ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-‘ਹਿੰਦ ਦੀ ਚਾਦਰ’ ਸ੍ਰੀ ਗੁਰੁ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਤੇ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਦੀ 350 ਸਾਲਾ ਗੁਰਤਾਗੱਦੀ ਨੂੰ ਸਮਰਪਿਤ ਨਵੀਂ ਮੁੰਬਈ ਦੇ ਖਾਰਘਰ ਵਿਖੇ ਮਨਾਏ ਗਏ ਦੋ ਦਿਨਾਂ ਸ਼ਤਾਬਦੀ ਸਮਾਗਮ ਜਿੱਥੇ ਇਤਿਹਾਸਕ ਯਾਦਾ ਸਿਰਜਦੇ ਹੋਏ ਅੱਜ ਚੜ੍ਹਦੀ ਕਲਾ ਨਾਲ ਸੰਪੰਨ ਹੋ ਗਏ,ਉੱਥੇ ਹੀ ਗੁਰੁ ਸਾਹਿਬ ਦੀ ਸ਼ਹਾਦਤ ਦੇ ਇਤਿਹਾਸਕ ਮਹੱਤਵ ਤੇ ਸੰਵਿਧਾਨਕ ਕਦਰਾਂ-ਕੀਮਤਾਂ,ਧਾਰਮਿਕ ਆਜ਼ਾਦੀ,ਸਮਾਨਤਾ ਤੇ ਨਿਆਂ-ਨਾਲ ਉਨ੍ਹਾਂ ਦੇ ਸਬੰਧਾਂ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਓਣੂ ਦੇ ਆਪਣੇ ਉਦੇਸ਼ ‘ਚ ਪੂਰੀ ਤਰ੍ਹਾਂ ਸਫਲਾ ਰਹੇ।

ਮਹਾਰਾਸ਼ਟਰ ਸੂਬੇ ‘ਚ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਦੇ ਵਿਸ਼ੇਸ਼ ਉਪਰਾਲੇ ਸਦਕਾ ਤੇ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਸਰਪ੍ਰਸਤੀ ‘ਚ 8 ਦਸੰਬਰ ਨੂੰ ਨਾਗਪੁਰ,24-25 ਜਨਵਰੀ ਨੂੰ ਨਾਂਦੇੜ ਤੇ ਹੁਣ ਖਾਰਘਰ ਵਿਖੇ ਮਨਾਏ ਗਏ ਇਹ ਸ਼ਤਾਬਦੀ ਸਮਾਗਮ ਰਾਸ਼ਟਰੀ ਏਕਤਾ ਦਾ ਪ੍ਰਤੀਕ ਬਣ ਗਏ ,ਜਦ ਸਿੱਖ, ਸਿਕਲਰ, ਬੰਜਾਰਾ, ਲਬਾਣਾ, ਮੋਹਿਆਲ, ਸਿੱਧੀ, ਵਾਲਮੀਕੀ, ਉਦਾਸਾਲ, ਭਗਤ ਨਾਮਦੇਵ ਸੰਪ੍ਰਦਾਏ ਆਦਿ ਵੱਖ ਵੱਖ ਸਮਾਜਾਂ ਤੋਂ ਗਰੂ ਸਾਹਿਬ ਦੀ ਸ਼ਹਾਦਤ ਨੂੰ ਸਿਜਦਾ ਹੋਣ ਲਈ ਲੱਖਾਂ ਦੀ ਗਿਣਤੀ ‘ਚ ਪੁੱਜੀਆਂ ਸੰਗਤਾਂ ਮੋਤੀਆਂ ਦੀ ਮਾਲਾ ਵਾਂਗ ਇੱਕ ਧਾਗੇ ‘ਚ ਪਰੋਈਆਂ ਗਈਆਂ ਤੇ ਇੱਕ ਮੰਚ ਤੇ ਇੱਕ ਸੋਚ ਨਾਲ ਗੁਰੂ ਸਾਹਿਬ ਦੇ ਸ਼ਤਾਬਦੀ ਸਮਾਗਮਾਂ ਨੂੰ ਪੂਰੀ ਸ਼ਰਧਾਂ ਤੇ ਸਤਿਕਾਰ ਨਾਲ ਮਨਾਇਆ।

ਖਾਰਘਰ ਦੇ ਉਵੈ ਮੈਦਾਨ ‘ਚ ਆਯੋਜਿਤ ਸ਼ਤਾਬਦੀ ਸਮਾਗਮਾਂ ਦੇ ਅੱਜ ਦੂਸਰੇ ਦਿਨ ਵੀ ਆਨੰਦਮਈ ਤੇ ਮਨੋਹਰ ਸ਼ਬਦ ਕੀਰਤਨ ਦਾ ਪ੍ਰਵਾਹ ਚੱਲਿਆ ਤੇ ਪੰਥ ਪ੍ਰਸਿੱਧ ਰਾਗੀ ਤੇ ਕੀਰਤਨੀਏ ਜਥਿਆਂ ਨੇ ਸੰਗਤ ਨੂੰ ਗੁਰ ਜਸ ਸਰਵਣ ਕਰਾਇਆਂ।

ਪ੍ਰਧਾਨ ਮੰਤਰੀ ਸ੍ਰੀ ਨੇਰੇਂਦਰ ਮੋਦੀ ਨੇ ਵੀਡਿਓ ਸੰਦੇਸ਼ ਰਾਹੀਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਪ੍ਰਣਾਮ ਕਰਦੇ ਹੋਏ ਕਿਹਾ ਕਿ ਨਾਗਪੁਰ ,ਨਾਂਦੇੜ ਤੋਂ ਬਾਅਦ ਅੱਜ ਖਾਰਘਰ ਵਿਖੇ ਹੋਏ ਸ਼ਤਾਬਦੀ ਸਮਾਗਮ ਸਮਾਰੋਹ ਆਪਣੇ ਆਖਰੀ ਤੇ ਮਹੱਤਵਪੂਰਨ ਪੜਾਅ ‘ਚ ਪੁੱਜ ਚੁੱਕੇ ਹਨ,ਜਿਸ ਨਾਲ ਗੁਰੂ ਸਾਹਿਬ ਦੀ ਸ਼ਹਾਦਤ ਤੇ ਗੁਰੂ ਸਾਹਿਬ ਜੀ ਦਾ ਪ੍ਰਾਕਰਮੀ ਜੀਵਨ ਇਤਿਹਾਸ ਮਹਾਰਾਸ਼ਟਰ ਦੇ ਕੋਨੇ ਕੋਨੇ ‘ਚ ਪੁੱਜਾ ਹੈ ਤੇ ਮਹਾਰਾਸ਼ਟਰ ਸਰਕਾਰ ਦੇ ਇਸ ਪਹਿਲਕਦਮੀ ਸਦਕਾ ਨਵੀਂ ਪੀੜ੍ਹੀ ਸਨਾਤਨ ਧਰਮ ਦੀ ਰੱਖਿਆ ਲਈ ਗੁਰੂ ਸਾਹਿਬ ਵੱਲੋਂ ਦਿੱਤੀ ਗਈ

(ਬਾਕੀ ਅਗਲੇ ਪੰਨੇ ’ਤੇ)

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਮਹਾਰਾਸ਼ਟਰ 'ਚ ਹੋਏ ਸ਼ਤਾਬਦੀ ਸਮਾਗਮ ਰਾਸ਼ਟਰੀ ਏਕਤਾ ਦਾ ਬਣੇ ਪ੍ਰਤੀਕ ਬਣ ਕੇ ਉੱਭਰੇ-ਪ੍ਰਧਾਨ ਮੰਤਰੀ ਨੇਰੇਂਦਰ ਮੋਦੀ

# ਸ਼ਤਾਬਦੀ ਸਾਮਗਮਾਂ ਦੀ ਸਫਲਤਾ ਲਈ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਪ੍ਰਧਾਨ ਮੰਤਰੀ ਮੋਦੀ,ਗ੍ਰਹਿ ਮੰਤਰੀ ਸ਼ਾਹ ਤੇ ਮੁੱਖ ਮੰਤਰੀ ਫੜਨਵੀਸ ਦਾ ਕੀਤਾ ਧੰਨਵਾਦ












ਅਦੁੱਤੀ ਤੇ ਅਮੁੱਲੀ ਸ਼ਹਾਦਤ ਤੋਂ ਜਾਣੂ ਹੋਈ ਹੈ।ਪ੍ਰਧਾਨ ਮੰਤਰੀ ਨੇ ਕਿਹਾ ਕਿ ਮਹਾਰਾਸ਼ਟਰ ਵਿਖੇ ਆਯੋਜਿਤ ਇਹ ਸ਼ਤਾਬਦੀ ਸਮਾਗਮਾਂ ਰਾਸ਼ਟਰੀ ਏਕਤਾ ਦਾ ਪ੍ਰਤੀਕ ਬਣ ਕੇ ਉਭਰੇ ਹਨ। ਕੇਂਦਰ ਸਰਕਾਰ ਸਿੱਖ ਭਾਈਚਾਰੇ ਦੇ ਗੁਰਪੁਰਬਾਂ ਨੂੰ ਮਾਨਤਾ ਨਾਲ ਮਨਾਉਂਦੀ ਰਹੀ ਹੈ ਤੇ ਜੋ ਜਰੂਰਤਾਂ ਜਾਂ ਮੰਗਾਂ ਪੂਰੀਆਂ ਹੋਣ ਦਾ ਸਿੱਖ ਸੰਗਤਾਂ ਨੂੰ ਦਸ਼ਕਾਂ ਤੋਂ ਇੰਤਜ਼ਾਰ ਸੀ ,ਉਨ੍ਹਾਂ ਨੂੰ ਸਰਕਾਰ ਨੇ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਹੈ।

ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੇ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ,ਭਾਈ ਸਤੀ ਦਾਸ,ਭਾਈ ਮਤੀ ਦਾਸ ਤੇ ਭਾਈ ਦਿਆਲਾ ਜੀ ਦੀ ਲਾ-ਮਿਸਾਲ ਸ਼ਹਾਦਤ ਨੂੰ ਯਾਦ ਕਰਦੇ ਹੋਏ ਸ਼ਰਧਾਪੂਰਵਕ ਨਮਨ ਭੇਟ ਕੀਤਾ ਤੇ ਕਿਹਾ ਕਿ ਜੇਕਰ ਗੁਰੂ ਸਾਹਿਬ ਹਿੰਦੂ ਧਰਮ ਨੂੰ ਬਚਾਉਣ ਲਈ ਆਪਣੀ ਸ਼ਹਾਦਤ ਨਾ ਦਿੰਦੇ ਤਾਂ ਅੱਜ ਵਿਸ਼ਵ 'ਚ ਕੋਈ ਹਿੰਦੂ ਨਾ ਹੁੰਦਾ।ਉਨ੍ਹਾਂ ਨੇ ਦਸ ਗੁਰੂ ਸਾਹਿਬਾਨ ਦੀ ਉਸਤਤ 'ਚ ਦੇਸ਼ ਭਰ ਅੰਦਰ ਅਜਿਹੇ ਪ੍ਰੋਗਰਾਮ ਕਰਾਏ ਜਾਣ ਦਾ ਫੈਸਲੇ ਲਏ ਜਾਣ 'ਤੇ ਪ੍ਰਧਾਨ ਮੰਤਰੀ ਨੇਰੇਂਦਰ ਮੋਦੀ ਦਾ ਧੰਨਵਾਦ ਕੀਤਾ ਤੇ ਨਾਲ ਹੀ ਮਹਾਰਾਸ਼ਟਰ ਸਰਕਾਰ ਦੀ ਸ਼ਲਾਘਾਂ ਕਰਦਿਆਂ ਕਿਹਾ ਕਿ ਸ੍ਰੀ ਦੇਵੇਂਦਰ ਫੜਨਵੀਸ ਨੇ ਇਹ ਸਮਾਗਮ ਆਯੋਜਿਤ ਕਰਕੇ ਗੁਰੂ ਸਾਹਿਬ ਦੇ ਜੀਵਨ ਦਾ ਹਿੱਸਾ ਬਣੇ ਸਿੱਖ, ਸਿਕਲਰ, ਬੰਜਾਰਾ, ਲੁਬਾਣਾ, ਮੋਹਿਆਲ, ਸਿੱਧੀ, ਵਾਲਮੀਕੀ, ਉਦਾਸਾਲ, ਭਗਤ ਨਾਮਦੇਵ ਸੰਪ੍ਰਦਾ ਸਮਾਜ ਨੂੰ ਇੱਕ ਵਾਰ ਮੁੜ ਤੋਂ ਜੋੜਨ ਦਾ ਵੱਡਾ ਉਪਰਾਲਾ ਕੀਤਾ ਹੈ।ਉਨ੍ਹਾਂ ਨੇ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਵੀ ਤਾਰੀਫ ਕੀਤੀ ਤੇ ਕਿਹਾ ਕਿ ਦੇਸ਼ ਅੰਦਰ ਬਹੁਤ ਸਾਰੇ ਧਾਰਮਿਕ ਸਮਾਗਮ ਹੋ ਰਹੇ ਹਨ ਪਰ ਅਲੱਗ ਥਲੱਗ ਹੋ ਚੁੱਕੇ ਸਮਾਜਾਂ ਨੂੰ ਇਕੱਠੇ ਕਰਨ ਦਾ ਵੱਡਾ ਸਿਹਰਾ ਇੰਨ੍ਹਾਂ ਸ਼ਤਾਬਦੀ ਸਮਾਗਮਾਂ ਨੂੰ ਜਾਂਦਾ ਹੈ।

ਸਮਾਗਮ ਦੌਰਾਨ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਤੇ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਤੇ ਯਾਦਗਾਰ ਵਜੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ 'ਜਫਰਨਾਮਾ' ਭੇਟ ਕੀਤਾ ਗਿਆ।

ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਨੇ ਆਪਣੇ ਸੰਬੋਧਨ 'ਚ ਗੁਰੂ ਸਾਹਿਬ ਦੇ ਨਾਲ ਭਾਈ ਮਤੀ ਦਾਸ,ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਤੇ ਭਾਈ ਲੱਖੀ ਸ਼ਾਹ ਬੰਜਾਰਾ ਦੇ ਸਾਹਸ ਨੂੰ ਨਮਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸਰਵ ਭਾਰਤੀ ਧਰਮਾਂ ਦੇ ਰੱਖਿਅਕ ਸਨ,ਜ਼ਿੰਨ੍ਹਾਂ ਦੀ ਸ਼ਹਾਦਤ ਕਾਰਨ ਅੱਜ ਸਨਤਾਨ ਧਰਮ ਹੋਂਦ ਵਿੱਚ ਹੈ।ਉਨ੍ਹਾਂ ਕਿਹਾ ਕਿ "ਹਿੰਦ ਦੀ ਚਾਦਰ" ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹਾਦਤ ਨੇ ਜਿੱਥੇ ਧਾਰਮਿਕ ਆਜ਼ਾਦੀ ਲਈ ਜੁਲਮ ਦੇ ਖਿਲਾਫ਼ ਸੱਚ ਦੀ ਆਵਾਜ਼ ਬੁਲੰਦ ਕੀਤੀ ਸੀ,ਉੱਥੇ ਹੀ ਖਾਲਸਾ ਪੰਥ ਨੂੰ ਨਵੀਂ ਆਤਮਿਕ ਸ਼ਕਤੀ ਬਖ਼ਸ਼ੀ ਸੀ।ਉਨ੍ਹਾਂ ਨੇ ਇਸ ਮੌਕੇ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਸਮਰਪਿਤ ਹੁੰਦੇ ਹੋਏ ਸਿੱਖ ਸ਼ਹਾਦਤ(1500-1765) ਨੂੰ ਸੂਬੇ ਦੇ ਪਾਠਕ੍ਰਮ 'ਚ ਸ਼ਾਮਿਲ ਕੀਤੇ ਜਾਣ ਦਾ ਤੇ ਨਵੀਂ ਮੁੰਬਈ ਵਿਖੇ ਗੁਰੂ ਸਾਹਿਬ ਦੇ ਨਾਮ 'ਤੇ ਇੱਕ ਵੱਡਾ ਹਸਪਤਾਲ ਬਣਾਉਣ ਦਾ ਐਲਾਨ ਕਰਦੇ ਹੋਏ ਦਸਮ ਪਿਤਾ ਦੁਆਰਾ ਰਚਿਤ 'ਬਚਿੱਤਰ ਨਾਟਕ' ਤੇ 'ਜ਼ਫਰਨਾਮਾ' ਦਾ ਵੀ ਆਪਣੇ ਸੰਬੋਧਨ 'ਚ ਜ਼ਿਕਰ ਕੀਤਾ।ਉਨ੍ਹਾਂ ਨੇ ਸ਼ਤਾਬਦੀ ਸਮਾਗਮਾਂ ਆਯੋਜਨ 'ਚ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਵੱਲੋਂ ਨਿਭਾਈ ਗਈ ਪ੍ਰਮੁੱਖ ਤੇ ਅਹਿਮ ਭੂਮਿਕਾ ਲਈ ਉਨ੍ਹਾਂ ਦੀ ਪੁਰਜ਼ੋਰ ਪ੍ਰਸ਼ੰਸ਼ਾ ਕੀਤੀ।

ਸ਼ਤਾਬਦੀ ਸਮਾਗਮਾਂ ਲਈ ਮਹਾਂਰਾਸ਼ਟਰ ਸਰਕਾਰ ਵੱਲੋਂ ਗਠਿਤ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਤੇ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਸ਼ਤਾਬਦੀ ਸਮਾਗਮਾਂ 'ਚ ਸ਼ਮੂਲੀਅਤ ਕਰਕੇ ਗੁਰੂ ਸਾਹਿਬਾਂ ਨਾਲ ਸਤਿਕਾਰ ਕਰਨ ਤੇ ਸਿੱਖ ਸਮੁਦਾਏ ਨਾਲ ਦਿਖਾਏ ਪਿਆਰ ਲਈ ਪ੍ਰਧਾਨ ਮੰਤਰੀ ਸ੍ਰੀ ਨੇਰੇਂਦਰ ਮੋਦੀ ਤੇ ਅਮਿਤ ਸ਼ਾਹ ਧੰਨਵਾਦ ਕੀਤਾ ਤੇ ਕਿਹਾ ਕਿ ਗੁਰੂ ਸਾਹਿਬ ਨੇ ਕੱਟੜਵਾਦੀ ਕਦਰਾਂ-ਕੀਮਤਾਂ ਨੂੰ ਨਜ਼ਰਅੰਦਾਜ਼ ਕਰਕੇ ਧਾਰਮਿਕ ਸੁਤੰਤਰਤਾ ਤੇ ਮਨੁੱਖੀ ਹੱਕਾਂ ਦੀ ਬਰਾਬਰੀ ਹਿੱਤ ਆਪਣੀ ਸ਼ਹਾਦਤ ਦੇ ਕੇ ਧਰਮ ਦੀ ਰੱਖਿਆ ਕੀਤੀ,ਜਿਸ ਦੇ ਚੱਲਦਿਆਂ ਅੱਜ ਉਨ੍ਹਾਂ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਮਨਾਈ ਜਾ ਰਹੀ ਹੈ।ਉਨ੍ਹਾਂ ਨੇ 350 ਸਾਲਾ ਸ਼ਤਾਬਦੀ ਸਮਾਗਮਾਂ ਨੂੰ ਮਹਾਂਰਾਸ਼ਟਰ ਸਰਕਾਰ ਵੱਲੋਂ ਵਿਸ਼ਾਲ ਪੱਧਰ 'ਤੇ ਮਨਾਏ ਜਾਣ, ਸਿੱਖ ਸ਼ਹਾਦਤ(1500-1765) ਨੂੰ ਸੂਬੇ ਦੇ ਪਾਠਕ੍ਰਮ 'ਚ ਸ਼ਾਮਿਲ ਕਰਨ ਤੇ ਗੁਰੂ ਸਾਹਿਬ ਦੇ ਨਾਮ 'ਤੇ ਹਸਪਤਾਲ ਬਣਾਏ ਜਾਣ ਲਈ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਦਾ ਵੀ ਧੰਨਵਾਦ ਕੀਤਾ।ਦਮਦਮੀ ਟਕਸਾਲ ਮੁਖੀ ਨੇ ਕਿਹਾ ਕਿ ਇਹ ਪਹਿਲ ਭਾਰਤ ਦੇ ਬਹੁਲਤਾਵਾਦ ਇਤਿਹਾਸ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਵਿੱਚ ਇੱਕ ਮੀਲ ਪੱਥਰ ਵੀ ਸਾਬਤ ਹੋਵੇਗੀ ਤੇ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਨਵੀਂ ਸੇਧ ਦੇਵੇਗੀ।

ਇਸ ਮੌਕੇ ਬਾਗੇਸ਼ਵਰ ਧਾਮ ਪੀਠਾਧੀਸ਼ਵਰ ਧੀਰੇਂਦਰ ਕ੍ਰਿਸ਼ਨ ਸ਼ਾਸਤਰੀ, ਮਹਾਰਾਸ਼ਟਰ ਦੇ ਡਿਪਟੀ ਸੀ.ਐੱਮ.ਸੁਨੇਤਰਾ ਅਜਿਤ ਪਵਾਰ,ਡਿਪਟੀ ਸੀ.ਐੱਮ.ਏਕਨਾਥ ਸ਼ਿੰਦੇ, ਕੈਬਨਿਟ ਮੰਤਰੀ ਰਾਮੇਸ਼ਵਰ ਨਾਇਕ ਨੇ ਵੀ ਗੁਰੂ ਸਾਹਿਬ ਨੂੰ ਸ਼ਰਧਾਂਜਲੀ ਦਿੰਦੇ ਹੋਏ ਸੰਗਤਾਂ ਸਨਮੁੱਖ ਆਪਣੇ ਵਿਚਾਰ ਪ੍ਰਗਟ ਕੀਤੇ।ਇਸ ਤੋਂ ਇਲਾਵਾ ਸਮਾਗਮਾਂ ਦੌਰਾਨ ਬਹੁਤ ਸਾਰੀਆਂ ਅਹਿਮ ਧਾਰਮਿਕ,ਰਾਜਨੀਤਿਕ ਤੇ ਸਮਾਜਿਕ ਸ਼ਖਸ਼ੀਅਤ ਦੇ ਨਾਲ ਨਾਲ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਗਿਣਤੀ 'ਚ ਨਾਨਕ ਨਾਮ ਲੇਵਾ ਸੰਗਤਾਂ ਨੇ ਹਾਜ਼ਰੀ ਭਰੀ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸ੍ਰ ਪਿਸ਼ੌਰਾ ਸਿੰਘ ਜੀ ਵਾੜਾ ਸ਼ੇਰ ਸਿੰਘ ਦੇ ਪਰਿਵਾਰ ਵੱਲੋਂ

# ਫਰੀ ਗੁਰਧਾਮਾਂ ਦੇ ਸੰਗਤਾਂ ਨੂੰ ਦਰਸ਼ਨ ਦੀਦਾਰੇ ਕਰਵਾਏ ਗਏ







(**ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ**)-ਨਗਰ ਵਾੜਾ ਸ਼ੇਰ ਸਿੰਘ ਤੋਂ ਸ੍ਰ ਪਿਸ਼ੌਰਾ ਸਿੰਘ ਸਪੁੱਤਰ ਸ੍ਰ ਹਰਜੀਤ ਸਿੰਘ ਜੀ ਦੇ ਪਰਿਵਾਰ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਅਤੇ ਹੋਰ ਗੁਰਧਾਮ ਦੇ ਫਰੀ ਸੰਗਤਾਂ ਨੂੰ ਦਰਸ਼ਨ ਦੀਦਾਰ ਕਰਵਾਏ ਗਏ। ਇੰਟਰਨੈਸ਼ਨਲ ਪੰਥਕ ਦਲ ਦੇ ਚੀਫ ਐਡਵਾਈਜ਼ਰ ਪੰਜਾਬ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲਿਆਂ ਨੇ ਦੱਸਿਆ ਕਿ ਸ੍ਰ ਪਿਸ਼ੌਰਾ ਸਿੰਘ ਸਪੁੱਤਰ ਸ੍ਰ ਹਰਜੀਤ ਸਿੰਘ ਜੀ ਦੇ ਪਰਿਵਾਰ ਵੱਲੋਂ ਸੰਗਤਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਅਤੇ ਹੋਰ ਗੁਰਧਾਮਾਂ ਦੇ ਫਰੀ ਦਰਸ਼ਨ ਦੀਦਾਰ ਕਰਵਾਏ ਗਏ। ਰਸਤੇ ਵਿੱਚ ਸੰਗਤਾਂ ਵੱਲੋਂ ਹਰ ਜਸ, ਨਿੱਤਨੇਮ ,ਆਸਾ ਦੀ ਵਾਰ,ਨਾਮ ਸਿਮਰਨ ਗੁਰਮੰਤਰ ਦੇ ਜਾਪ ਕੀਤੇ ਗਏ। ਸ੍ਰੀ ਅਨੰਦਪੁਰ ਸਾਹਿਬ ਜੀ ਵਿਖੇ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ। ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਦੇ ਹਾਂ ਕਿ ਵਾਹਿਗੁਰੂ ਸਾਰੇ ਪਰਿਵਾਰ ਨੂੰ ਚੜ੍ਹਦੀ ਕਲਾ ਗੁਰਸਿੱਖੀ ਜੀਵਨ ਬਖਸ਼ਨ ਅਤੇ ਇਹਨਾਂ ਦੀ ਕੀਤੀ ਸੇਵਾ ਲੇਖੇ ਵਿੱਚ ਲਾਉਣ। ਇਸ ਮੌਕੇ ਸ੍ਰ ਕੁਲਵੰਤ ਸਿੰਘ ਮੌਜੂਦਾ ਸਰਪੰਚ, ਸ੍ਰ ਚਾਨਣ ਸਿੰਘ ਸਾਬਕਾ ਸਰਪੰਚ, ਸ੍ਰ ਸਰਬਜੀਤ ਸਿੰਘ ਵਾੜਾ ਤੇਲੀਆਂ, ਸ੍ਰ ਗੁਰਸਾਬ ਸਿੰਘ ਮੈਂਬਰ ਪੰਚਾਇਤ , ਸ੍ਰ ਕਰਨੈਲ ਸਿੰਘ ਪੁੱਤਰ ਮੁਖਤਿਆਰ ਸਿੰਘ, ਸ੍ਰ ਜਗਤਾਰ ਸਿੰਘ, ਸ੍ਰ ਗੁਰਜੀਤ ਸਿੰਘ , ਸ੍ਰ ਕੁਲਵੰਤ ਸਿੰਘ, ਸ੍ਰ ਮਨਜੀਤ ਸਿੰਘ ਮੰਗਾ ਹੋਰ ਬੇਅੰਤ ਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

# ਕਿਹੜੇ ਹਾਲਾਤਾਂ ਵਿੱਚ ਮੂਰਖ ਬਣ ਜਾਣਾ ਚੰਗਾ ਹੈ ?



ਇਤਿਹਾਸ ਗਵਾਹ ਹੈ ਕਿ ਦਬਾਅ ਵਾਲੀ ਜਾਂ ਤਾਨਾਸ਼ਾਹੀ ਰੱਵੀਈਆ ਮਨੁੱਖੀ ਵਿਉਹਾਰ ਨੂੰ ਗਹਿਰੇ ਤੌਰ 'ਤੇ ਪ੍ਰਭਾਵਿਤ ਕਰਦਾ ਹੈ। ਜਦੋਂ ਹਾਲਾਤ ਅਣਸੁਖਾਵੇਂ ਹੋਣ ਤਾਂ ਮੂਰਖ ਬਣ ਜਾਣਾ ਚੰਗਾ ਇਹ ਕਹਾਵਤ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਕੁਝ ਵੈਰਭਾਵੀ ਅਤੇ ਖ਼ਤਰਨਾਕ ਮਾਹੌਲਾਂ ਵਿੱਚ ਖਾਮੋਸ਼,ਆਗਿਆਕਾਰੀ ਜਾਂ ਗੈਰ-ਖ਼ਤਰਨਾਕ ਦਿਖਾਈ ਦੇਣਾ ਜੀਵਨ-ਰੱਖਿਆ ਦੀ ਰਣਨੀਤੀ ਹੋ ਸਕਦੀ ਹੈ। ਇਹ ਵਿਚਾਰ ਸਿਰਫ਼ ਰਾਜਨੀਤਿਕ ਨਹੀਂ, ਸਗੋਂ ਮਨੋਵਿਗਿਆਨਕ ਅਤੇ ਇਲਾਜ਼ ਪ੍ਰਣਾਲੀ ਪੱਖੋਂ ਵੀ ਮਹੱਤਵ ਰੱਖਦਾ ਹੈ। ਆਧੁਨਿਕ ਮਨੋਵਿਗਿਆਨ ਅਤੇ ਵਿਉਹਾਰਕ ਮਨੋਵਿਗਿਆਨ ਸਾਨੂੰ ਸਮਝਾਉਂਦੇ ਹਨ ਕਿ ਐਸਾ ਵਿਉਹਾਰ ਕਿਉਂ ਪੈਦਾ ਹੁੰਦਾ ਹੈ—ਅਤੇ ਕੀ ਇਹ ਸਿਹਤਮੰਦ ਹੈ ਜਾਂ ਨਹੀਂ।

ਅਸਲ ਜ਼ਿੰਦਗੀ ਵਿੱਚ ਜ਼ਾਲਮ ਹਾਲਾਤਾਂ ਦੀ ਸਮਝ

ਜ਼ਾਲਮ ਹਮੇਸ਼ਾ ਰਾਜਨੀਤਿਕ ਤਾਨਾਸ਼ਾਹ ਨਹੀਂ ਹੁੰਦਾ। ਤਾਨਾਸ਼ਾਹੀ ਰਵੱਈਆ ਕਈ ਥਾਵਾਂ 'ਤੇ ਹੋ ਸਕਦਾ ਹੈ—

ਅਧਿਕਾਰਤਮਕ ਸਰਕਾਰਾਂ ਵਿੱਚ, ਕਠੋਰ ਕਾਰਪੋਰੇਟ ਸੰਰਚਨਾਵਾਂ ਵਿੱਚ, ਹਿੰਸਕ ਜਾਂ ਦਬਾਉ ਵਾਲੇ ਘਰੇਲੂ ਮਾਹੌਲ ਵਿੱਚ, ਸਿੱਖਿਆ ਸੰਸਥਾਵਾਂ ਵਿੱਚ ਅਤਿਅਧਿਕ ਸਖ਼ਤੀ ਦੇ ਰੂਪ ਵਿੱਚ, ਨਿੱਜੀ ਸੰਬੰਧਾਂ ਵਿੱਚ।

ਐਸੇ ਮਾਹੌਲਾਂ ਵਿੱਚ ਸੱਤਾ ਕੇਂਦ੍ਰਿਤ ਹੁੰਦੀ ਹੈ, ਅਸਹਿਮਤੀ ਨੂੰ ਸਜ਼ਾ ਮਿਲਦੀ ਹੈ ਅਤੇ ਅਨਿਸ਼ਚਿਤਤਾ ਵਿਆਪਕ ਹੁੰਦੀ ਹੈ। ਜੈਵਿਕ ਤੌਰ 'ਤੇ ਇਹ ਸਥਿਤੀਆਂ ਸਰੀਰ ਵਿੱਚ ਲੰਬੇ ਸਮੇਂ ਵਾਲੇ ਤਣਾਅ ਦੀ ਪ੍ਰਤੀਕ੍ਰਿਆ ਜਨਮ ਦਿੰਦੀਆਂ ਹਨ।

ਡਰ ਅਤੇ ਜੀਵਨ-ਰੱਖਿਆ ਦਾ ਜੀਵ ਵਿਗਿਆਨ

ਜਦੋਂ ਮਨੁੱਖ ਖ਼ਤਰੇ ਨੂੰ ਮਹਿਸੂਸ ਕਰਦਾ ਹੈ, ਦਿਮਾਗ ਦਾ ਐਮੀਗਡਾਲਾ ਲੜੋ ਜਾਂ ਭਜੋ ਪ੍ਰਤੀਕ੍ਰਿਆ ਨੂੰ ਚਾਲੂ ਕਰਦਾ ਹੈ। ਐਡਰੀਨਲ ਗ੍ਰੰਥੀਆਂ ਕੋਰਟੀਸੋਲ ਅਤੇ ਐਡ੍ਰਿਨਲਿਨ ਜਾਰੀ ਕਰਦੀਆਂ ਹਨ। ਇਹ ਪ੍ਰਣਾਲੀ, ਜਿਸਨੂੰ ਹਾਈਪੋਥੈਲਾਮਸ-ਪਿਟਯੂਟਰੀ-ਐਡਰੀਨਲ ਐਕਸਿਸ ਕਹਿੰਦੇ ਹਨ, ਛੋਟੇ ਸਮੇਂ ਦੀ ਜੀਵਨ-ਰੱਖਿਆ ਲਈ ਬਣੀ ਹੈ।

ਪਰ ਜਦੋਂ ਦਬਾਉ ਲਗਾਤਾਰ ਰਹੇ ਕੋਰਟੀਸੋਲ ਦੀ ਮਾਤਰਾ ਵਧੀ ਰਹਿੰਦੀ ਹੈ, ਰੋਗ-ਰੋਕੂ ਤਾਕਤ ਘਟਦੀ ਹੈ, ਨੀਂਦ ਪ੍ਰਭਾਵਿਤ ਹੁੰਦੀ ਹੈ, ਭਾਵਨਾਤਮਕ ਸੰਤੁਲਨ ਕਮਜ਼ੋਰ ਹੁੰਦਾ ਹੈ।

ਇਸ ਹਾਲਤ ਵਿੱਚ ਦਿਮਾਗ ਤੀਜਾ ਵਿਕਲਪ ਚੁਣ ਸਕਦਾ ਹੈ—ਫ੍ਰੀਜ਼ ਜਾਂ ਸਮਰਪਣ। ਇਹ ਵਿਉਹਾਰ ਖਾਮੋਸ਼ੀ, ਆਗਿਆਕਾਰੀ ਜਾਂ ਮੂਰਖਤਾ ਵਰਗਾ ਦਿਸ ਸਕਦਾ ਹੈ।

ਮੂਰਖ ਬਣਨ ਦੀ ਮਨੋਵਿਗਿਆਨਕ ਤਰਕ

ਵਿਕਾਸੀ ਮਨੋਵਿਗਿਆਨ ਅਨੁਸਾਰ ਸਮਰਪਣ ਕਈ ਵਾਰ ਸੁਰੱਖਿਆ ਦਿੰਦਾ ਹੈ। ਸਮਾਜਿਕ ਜੀਵਾਂ ਵਿੱਚ ਨੀਵੇਂ ਦਰਜੇ ਵਾਲੇ ਮੈਂਬਰ ਅਕਸਰ ਗੈਰ-ਖ਼ਤਰਨਾਕ ਵਿਹਾਰ ਦਿਖਾਉਂਦੇ ਹਨ ਤਾਂ ਜੋ ਹਿੰਸਾ ਤੋਂ ਬਚ ਸਕਣ।

ਇਹ ਧਾਰਨਾ ਦਿੱਸਣ ਵਾਲੇ ਵਿਚਾਰੇਪਨ ਨਾਲ ਜੁੜਦੀ ਹੈ—ਜਦੋਂ ਵਿਅਕਤੀ ਬਾਰ-ਬਾਰ ਬੇਕਾਬੂ ਤਣਾਅ ਦਾ ਸਾਹਮਣਾ ਕਰਕੇ ਵਿਰੋਧ ਕਰਨਾ ਛੱਡ ਦਿੰਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਪਰ ਇੱਥੇ ਦੋ ਅੰਤਰ ਮਹੱਤਵਪੂਰਣ ਹਨ:

ਰਣਨੀਤਿਕ ਖਾਮੋਸ਼ੀ (ਸਿਹਤਮੰਦ ਢੰਗ) -

ਸੁਰੱਖਿਆ ਲਈ ਸਚੇਤ ਫੈਸਲਾ।

ਅੰਦਰੂਨੀ ਲਾਚਾਰੀ (ਅਸਿਹਤਮੰਦ ਢੰਗ) -

ਆਤਮ-ਵਿਸ਼ਵਾਸ ਅਤੇ ਆਤਮ-ਮੁੱਲ ਦੀ ਹਾਨੀ।

ਪਹਿਲਾ ਜੀਵਨ ਬਚਾ ਸਕਦਾ ਹੈ, ਦੂਜਾ ਮਨੋਸਿਹਤ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

ਕੀ ਇਹ ਧਾਰਨਾ ਹਰ ਹਾਲਤ ਵਿੱਚ ਲਾਗੂ ਹੁੰਦੀ ਹੈ ?

ਨਹੀਂ। ਇਹ ਪੂਰੀ ਤਰ੍ਹਾਂ ਸੰਦਰਭ 'ਤੇ ਨਿਰਭਰ ਕਰਦੀ ਹੈ।

ਜਿੱਥੇ ਲਾਭਕਾਰੀ ਹੋ ਸਕਦੀ ਹੈ:

ਹਿੰਸਕ ਜਾਂ ਅਨਿਸ਼ਚਿਤ ਸੱਤਾ ਹੇਠ ਜੀਵਨ, ਤੁਰੰਤ ਖ਼ਤਰੇ ਵਾਲੀ ਸਥਿਤੀ, ਸੰਕਟਕਾਲੀਨ ਹਾਲਾਤ

ਜਿੱਥੇ ਹਾਨੀਕਾਰਕ ਹੋ ਸਕਦੀ ਹੈ:

ਲੋਕਤੰਤਰਿਕ ਅਤੇ ਸੁਰੱਖਿਅਤ ਮਾਹੌਲ, ਕੰਮਕਾਜ ਦੀ ਥਾਂ ਜਿੱਥੇ ਸੰਚਾਰ ਲਾਭਕਾਰੀ ਹੈ, ਨਿੱਜੀ ਸੰਬੰਧ ਜਿੱਥੇ ਹੱਦਾਂ ਬਣਾਉਣੀ ਲੋੜੀਂਦੀ ਹੈ, ਸੁਰੱਖਿਅਤ ਮਾਹੌਲ ਵਿੱਚ ਅੰਨ੍ਹਾ ਸਮਰਪਣ ਵਿਕਾਸ ਅਤੇ ਆਤਮ-ਸਮਮਾਨ ਨੂੰ ਰੋਕ ਸਕਦਾ ਹੈ।

ਮਾਨਸਿਕ ਸਿਹਤ 'ਤੇ ਪ੍ਰਭਾਵ

ਲੰਬੇ ਸਮੇਂ ਤੱਕ ਵਿਚਾਰਾਂ ਅਤੇ ਭਾਵਨਾਵਾਂ ਨੂੰ ਦਬਾਉਣ ਨਾਲ ਗੰਭੀਰ ਪ੍ਰਭਾਵ ਹੋ ਸਕਦੇ ਹਨ।

ਚਿੰਤਾ ਰੋਗ - ਲਗਾਤਾਰ ਡਰ ਸਿਮਪੈਥੈਟਿਕ ਨਰਵਸ ਸਿਸਟਮ ਨੂੰ ਸਰਗਰਮ ਰੱਖਦਾ ਹੈ, ਜਿਸ ਨਾਲ ਘਬਰਾਹਟ, ਬੇਚੈਨੀ ਅਤੇ ਘਬਰਾਹਟ ਦੇ ਲੱਛਣ ਪੈਦਾ ਹੋ ਸਕਦੇ ਹਨ।

ਅਵਸਾਦ : ਬੇਬਸੀ ਅਤੇ ਭਾਵਨਾਤਮਕ ਦਬਾਉ ਡੋਪਾਮੀਨ ਅਤੇ ਸੈਰੋਟੋਨਿਨ ਦੀ ਘਾਟ ਨਾਲ ਜੁੜੇ ਹਨ, ਜਿਸ ਨਾਲ ਰੁਚੀ ਦੀ ਕਮੀ, ਥਕਾਵਟ, ਨੀਂਦ ਦੀ ਸਮੱਸਿਆ ਅਤੇ ਆਤਮ-ਮੁੱਲ ਘੱਟਦਾ ਹੈ।

ਅਧਿਐਨ ਦਿਖਾਉਂਦੇ ਹਨ ਕਿ ਲੰਬੇ ਤਣਾਅ ਨਾਲ ਦਿਮਾਗ ਦੇ ਹਿਪੋਕੈਂਪਸ ਦਾ ਆਕਾਰ ਘਟ ਸਕਦਾ ਹੈ, ਜਿਸ ਨਾਲ ਯਾਦਦਾਸ਼ਤ ਅਤੇ ਭਾਵਨਾਤਮਕ ਸੰਤੁਲਨ ਪ੍ਰਭਾਵਿਤ ਹੁੰਦਾ ਹੈ।

ਮਨੋਵਿਗਿਆਨਕ ਰੋਗ

ਉੱਚ ਖ਼ੂਨ ਦਬਾਅ -ਅੰਤੜੀਆਂ ਦੀ ਗੜਬੜ, ਲੰਬਾ ਸਮਾਂ ਚੱਲਣ ਵਾਲਾ ਸਿਰਦਰਦ।

ਆਟੋਇਮੀਊਨ ਰੋਗਾਂ ਦੀ ਤੀਬਰਤਾ

ਇਸ ਲਈ ਤੁਰੰਤ ਸੁਰੱਖਿਆ ਲਈ ਮੂਰਖ ਬਣਨਾ ਸਹਾਇਕ ਹੋ ਸਕਦਾ ਹੈ, ਪਰ ਲੰਬੇ ਸਮੇਂ ਦਾ ਦਬਾਅ ਮਾਨਸਿਕ ਸਿਹਤ ਲਈ ਖ਼ਤਰਨਾਕ ਹੋ ਸਕਦੀ ਹੈ।

ਸਮੂਹ ਮਨੋਵਿਗਿਆਨ ਅਤੇ ਅਨੁਕੂਲਤਾ

ਸਮਾਜਿਕ ਮਨੋਵਿਗਿਆਨਕ ਅਧਿਐਨ ਦਿਖਾਉਂਦੇ ਹਨ ਕਿ ਲੋਕ ਅਕਸਰ ਅਧਿਕਾਰ ਜਾਂ ਭੀੜ ਨਾਲ ਸਹਿਮਤ ਹੋ ਜਾਂਦੇ ਹਨ—ਭਾਵੇ ਜਦੋਂ ਉਹ ਜਾਣਦੇ ਹਨ ਕਿ ਇਹ ਗਲਤ ਹੈ।

ਇਸ ਨਾਲ ਸਾਬਤ ਹੁੰਦਾ ਹੈ ਕਿ ਮਨੁੱਖੀ ਦਿਮਾਗ ਸਮੂਹਕ ਸਵੀਕਾਰਤਾ ਨੂੰ ਸੁਰੱਖਿਆ ਨਾਲ ਜੋੜਦਾ ਹੈ। ਇਤਿਹਾਸਕ ਤੌਰ 'ਤੇ ਸਮੂਹ ਤੋਂ ਬਾਹਰ ਕੱਢੇ ਜਾਣਾ ਖ਼ਤਰਾ ਸੀ।

ਨੈਤਿਕ ਅਤੇ ਵਿਉਹਾਰਕ ਸੰਤੁਲਨ

ਮੁੱਢਲਾ ਸਵਾਲ ਇਹ ਨਹੀਂ ਕਿ ਹਮੇਸ਼ਾ ਮੂਰਖ ਬਣਨਾ ਚਾਹੀਦਾ ਹੈ, ਸਗੋਂ ਇਹ ਕਿ ਕਦੋਂ ਖਾਮੋਸ਼ੀ ਸੁਰੱਖਿਆ ਦਿੰਦੀ ਹੈ ਅਤੇ ਕਦੋਂ ਆਵਾਜ਼ ਇੱਜ਼ਤ ਬਚਾਉਂਦੀ ਹੈ।

ਸਿਹਤਮੰਦ ਤਰੀਕੇ: ਭਾਵਨਾਤਮਕ ਨਿਯੰਤਰਣ ਤਕਨੀਕਾਂ

ਧਿਆਨ ਅਤੇ ਮਾਈਂਡਫੁਲਨੈੱਸ (ਜੋ ਕੋਰਟੀਸੋਲ ਘਟਾਉਂਦੀਆਂ ਹਨ)

ਸਮਾਜਿਕ ਸਹਿਯੋਗ ਜਾਲ ਬਣਾਉਣਾ।

ਜ਼ਰੂਰਤ ਪੈਣ 'ਤੇ ਮਨੋਵਿਗਿਆਨਕ ਸਲਾਹ ਲੈਣਾ।

ਜਿੱਥੇ ਸੁਰੱਖਿਅਤ ਹੋਵੇ ਉਥੇ ਹੋਲੀ ਹੋਲੀ ਅਡਿੱਗਤਾ ਵਿਕਸਿਤ ਕਰਨਾ।

ਸੁਰੱਖਿਆ ਲਈ ਖਾਮੋਸ਼ੀ ਅਤੇ ਡਰ ਕਾਰਨ ਖਾਮੋਸ਼ੀ ਵਿੱਚ ਅੰਤਰ ਹੈ।

ਕੀ ਕਮਜ਼ੋਰੀ ਵਿੱਚ ਤਾਕਤ ਹੋ ਸਕਦੀ ਹੈ ?

ਅਧਿਐਨ ਦਿਖਾਉਂਦੇ ਹਨ ਕਿ ਕਈ ਵਾਰ ਦਬਾਉ ਦਾ ਸਾਹਮਣਾ ਕਰਨ ਵਾਲੇ ਲੋਕ ਵਧੀਕ ਭਾਵਨਾਤਮਕ ਬੁੱਧੀ ਅਤੇ ਅੰਦਰੂਨੀ ਮਜ਼ਬੂਤੀ ਵਿਕਸਿਤ ਕਰ ਲੈਂਦੇ ਹਨ—ਜੇ ਉਹ ਆਪਣੀ ਅੰਦਰੂਨੀ ਇੱਜ਼ਤ ਨੂੰ ਕਾਇਮ ਰੱਖਣ।

ਜਦੋਂ ਹਲਾਤ ਅਣਸੁਖਾਵੇਂ ਹੋਣ ਤਾਂ ਮੂਰਖ ਬਣ ਜਾਣਾ ਚੰਗਾ ਹੁੰਦਾ ਹੈ। ਮਨੁੱਖੀ ਜੀਵ ਵਿਗਿਆਨ ਵਿੱਚ ਜੜੀ ਇੱਕ ਜੀਵਨ-ਰੱਖਿਆ ਪ੍ਰਵਿਰਤੀ ਨੂੰ ਦਰਸਾਉਂਦਾ ਹੈ। ਖ਼ਤਰਨਾਕ ਹਾਲਾਤਾਂ ਵਿੱਚ ਗੈਰ-ਖ਼ਤਰਨਾਕ ਦਿਖਾਈ ਦੇਣਾ ਸੁਰੱਖਿਆ ਦੇ ਸਕਦਾ ਹੈ।

ਪਰ ਲੰਬੇ ਸਮੇਂ ਤੱਕ ਆਪਣੀ ਪਹਿਚਾਣ ਅਤੇ ਭਾਵਨਾਵਾਂ ਨੂੰ ਦਬਾਉਣਾ ਚਿੰਤਾ, ਮਾਨਸਿਕ ਪ੍ਰੇਸ਼ਾਨੀ ਅਤੇ ਦੈਹਿਕ ਰੋਗਾਂ ਦਾ ਕਾਰਣ ਬਣ ਸਕਦਾ ਹੈ। ਇਹ ਧਾਰਨਾ ਹਰ ਸਥਿਤੀ ਵਿੱਚ ਸਹੀ ਨਹੀਂ। ਸਿਹਤਮੰਦ ਸਮਾਜਾਂ ਵਿੱਚ ਸੰਵਾਦ ਅਤੇ ਅਡਿੱਗਤਾ ਮਨੋਸਿਹਤ ਲਈ ਲਾਭਕਾਰੀ ਹਨ।

ਅਸਲ ਬੁੱਧੀ ਮੂਰਖਤਾ ਵਿੱਚ ਨਹੀਂ, ਸਗੋਂ ਸਮਝਦਾਰੀ ਵਿੱਚ ਹੈ—ਕਦੋਂ ਖਾਮੋਸ਼ੀ ਜੀਵਨ ਬਚਾਉਂਦੀ ਹੈ ਅਤੇ ਕਦੋਂ ਆਵਾਜ਼ ਇੱਜ਼ਤ।

ਇਲਾਜ਼ ਪ੍ਰਣਾਲੀ ਅਤੇ ਮਨੋਵਿਗਿਆਨ ਦੋਵੇਂ ਕਹਿੰਦੇ ਹਨ: ਜੀਵਨ ਵੀ ਬਚੇ ਅਤੇ ਆਤਮ-ਸਮਮਾਨ ਵੀ।

**-ਡਾ. ਸੁਰਿੰਦਰਪਾਲ ਸਿੰਘ, ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**




★ ਜਾਰੀ ਕਰਤਾ ★

ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
+447458381111 +447976210161 +919729091243